Excellence in Agri Info
KHETI DUNIYAN, PATIALA

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI/PUNPUN00806 • Issue Dated 27-12-2025 • Vol.43 No.52 • M. 90410-14575 • Page 16 | E-mail : khetiduniyan1983@gmail.com

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 400/- ਰੁਪਏ
ਦੋ ਸਾਲ ਲਈ 700/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

# ਮੂਢੇ ਕਮਾਦ ਦੀ ਸੰਭਾਲ ਲਈ ਜ਼ਰੂਰੀ ਨੁਕਤੇ

**ਭਾਰਤ, ਬ੍ਰਾਜ਼ੀਲ ਤੋਂ ਬਾਅਦ ਵਿਸ਼ਵ ਪੱਧਰ ਤੇ ਦੂਜਾ ਸਭ ਤੋਂ ਵੱਡਾ ਗੰਨਾ ਉਤਪਾਦਕ ਦੇਸ਼ ਹੈ । ਮੂਢਾ ਕਮਾਦ ਰੱਖਣਾ ਕਿਸਾਨਾਂ ਲਈ ਇੱਕ ਮੁੱਖ ਕਾਸ਼ਤ ਦਾ ਢੰਗ ਹੈ ਕਿਉਂਕਿ ਇਸ ਨੂੰ ਦੁਬਾਰਾ ਬੀਜਣ ਦੀ ਲੋੜ ਨਹੀਂ ਪੈਂਦੀ । ਮੂਢੀ ਫ਼ਸਲ ਦੀ ਸਫ਼ਲ ਕਾਸ਼ਤ ਲਈ ਹੇਠ ਲਿਖੇ ਮਹੱਤਵਪੂਰਨ ਖੇਤੀ ਤਰੀਕਿਆਂ ਨੂੰ ਅਪਨਾਉਣਾ ਜ਼ਰੂਰੀ ਹੈ, ਜੋ ਕਿ ਉਤਪਾਦਨ ਅਤੇ ਖੰਡ ਦੀ ਮਾਤਰਾ ਵਧਾਉਣ ਲਈ ਸਹਾਈ ਹਨ ।**

★ **ਵਾਢੀ ਦਾ ਸਮਾਂ** :- ਜਿਹੜੀ ਫ਼ਸਲ ਮੂਢੀ ਰੱਖਣੀ ਹੋਵੇ, ਉਸਨੂੰ ਜਨਵਰੀ ਦੇ ਅਖੀਰਲੇ ਹਫ਼ਤੇ ਤੋਂ ਬਾਅਦ ਕੱਟੋ ਕਿਉਂਕਿ ਇਸ ਸਮੇਂ ਤੱਕ ਕੋਰੇ ਵਾਲਾ ਮੌਸਮ ਖਤਮ ਹੋ ਜਾਂਦਾ ਹੈ ।

★ **ਵਾਢੀ ਤੋਂ ਬਾਅਦ ਖੇਤ ਦੀ ਤਿਆਰੀ** :- ਕਮਾਦ ਦੀਆਂ ਅਗੇਤੀਆਂ ਕਿਸਮਾਂ ਨੂੰ ਨਵੰਬਰ ਵਿੱਚ ਕੱਟਣ ਦੇ ਤੁਰੰਤ ਬਾਅਦ ਖੋਰੀ ਨੂੰ ਬਾਹਰ ਕੱਢ ਕੇ ਖੇਤ ਵਿੱਚ ਪਾਣੀ ਲਾ ਦਿਉ । ਜਦੋਂ ਖੇਤ ਵੱਤਰ ਵਿੱਚ ਆ ਜਾਵੇ ਤਾਂ ਗੋਡੀ ਕਰ



ਦਿਉ ਜਾਂ ਸਿਆੜਾਂ ਦੇ ਦਰਮਿਆਨ ਖਾਲੀ ਜਗ੍ਹਾਂ ਨੂੰ ਵਾਹ ਦਿਉ । ਮੁੱਢਾਂ ਨੂੰ ਖੋਰੀ ਨਾਲ ਨਾ ਢੱਕੋ ।

★ **ਵਾਢੀ ਦੀ ਤਕਨੀਕ** :- ਮੂਢੀ ਫ਼ਸਲ ਨੂੰ ਨੀਵੀਂ ਰੱਖ ਕੇ ਕੱਟੋ ਤਾਂ ਕਿ ਪੁੰਗਾਰਾ ਠੀਕ ਹੋ ਸਕੇ ।

★ **ਨਦੀਨ ਪ੍ਰਬੰਧ** :- ਜੇਕਰ ਫ਼ਸਲ ਕੱਟਣ ਬਾਅਦ ਖੇਤ ਵਿੱਚ ਕਾਫੀ ਨਦੀਨ ਹੋਣ ਤਾਂ ਖੇਤ ਨੂੰ ਟਿੱਲਰ ਨਾਲ ਵਾਹੋ । ਖੇਤਾਂ ਨੂੰ ਨਦੀਨ ਰਹਿਤ ਰੱਖਣ ਲਈ ਰਸਾਇਣਿਕ ਢੰਗ ਵੀ ਵਰਤੋਂ ਵਿੱਚ ਲਿਆਉ ।

★ **ਖਾਲੀ ਥਾਵਾਂ ਦਾ ਪ੍ਰਬੰਧ** :- ਮੂਢੀ ਫ਼ਸਲ ਦੀਆਂ ਕਤਾਰਾਂ ਵਿੱਚ ਖਾਲੀ ਥਾਵਾਂ ਭਰਨ ਲਈ ਮਾਰਚ ਦੇ ਮਹੀਨੇ ਤਿੰਨ ਅੱਖਾਂ ਵਾਲੀਆਂ ਗੁੱਲੀਆਂ ਬੀਜੋ ।

★ **ਖਾਦਾਂ ਦੀ ਵਰਤੋਂ** :- ਮੂਢੀ ਫ਼ਸਲ ਨੂੰ ਨਵੀਂ ਬੀਜੀ ਫ਼ਸਲ ਨਾਲੋਂ ਡੇਢ ਗੁਣਾ ਵੱਧ ਖਾਦ ਦੀ ਲੋੜ ਪੈਂਦੀ ਹੈ । ਮੂਢੀ ਫ਼ਸਲ ਨੂੰ 90 ਕਿਲੋ ਨਾਈਟ੍ਰੋਜਨ ਤਿੰਨ ਬਰਾਬਰ ਹਿੱਸਿਆਂ ਵਿਚ ਪਾਉ । ਪਹਿਲਾ ਫਰਵਰੀ-ਮਾਰਚ ਵਿੱਚ, ਦੂਸਰਾ ਅਪ੍ਰੈਲ ਵਿੱਚ ਅਤੇ ਤੀਜਾ ਹਿੱਸਾ ਜੂਨ ਦੇ ਸ਼ੁਰੂ ਵਿੱਚ ਪਾਉ । ਜੇਕਰ ਭੂਮੀ ਪਰਖ ਦੇ ਆਧਾਰ ਤੇ ਫਾਸਫੋਰਸ ਦੀ ਲੋੜ ਹੋਵੇ, ਤਾਂ ਇਹ ਖਾਦ ਮਾਰਚ ਮਹੀਨੇ ਵਿੱਚ ਕਮਾਦ ਦੀਆਂ ਕਤਾਰਾਂ ਦੇ ਨੇੜੇ ਡਰਿੱਲ ਕਰ ਦਿਉ ।

ਉਪਰੋਕਤ ਕਾਸ਼ਤਕਾਰੀ ਢੰਗਾਂ ਤੋਂ ਇਲਾਵਾ ਅਜਿਹੀ ਫ਼ਸਲ ਨੂੰ ਜਿਸ ਵਿੱਚ ਹੇਠ ਲਿਖੀਆਂ ਬਿਮਾਰੀਆਂ ਅਤੇ ਕੀੜਿਆਂ ਦਾ ਹਮਲਾ ਹੋਇਆ ਹੋਵੇ, ਉਸਦਾ ਮੂਢਾ ਨਹੀਂ ਰੱਖਣਾ ਚਾਹੀਦਾ :

★ **ਤਣੇ ਦਾ ਗੜੂੰਆਂ ਜਾਂ ਤਰਾਈ ਗੜੂੰਆਂ** :- ਇਹ ਕੀੜਾ ਸਾਰਾ ਸਾਲ ਹੀ ਸਰਗਰਮ ਰਹਿੰਦਾ ਹੈ । ਇਸ ਕੀੜੇ ਦੀਆਂ ਬਾਹਰਲੀਆਂ ਕੋਈ ਨਿਸ਼ਾਨੀਆਂ ਨਹੀਂ ਹਨ । ਇਸ ਕੀੜੇ ਦੀਆਂ ਤਣੇ ਵਿੱਚ ਵੜਣ ਅਤੇ ਨਿਕਲਣ ਵਾਲੀਆਂ ਮੋਰੀਆਂ ਕੇਵਲ ਗੰਨਾ ਛਿੱਲ ਕੇ ਹੀ ਵੇਖੀਆਂ ਜਾ ਸਕਦੀਆਂ ਹਨ ।

★ **ਗੁਰਦਾਸਪੁਰੀ ਗੜੂੰਆਂ** :- ਮਾੜੇ ਜਿਹੇ ਝਟਕੇ ਨਾਲ ਹੀ ਗੰਨਾ ਉਸ ਜਗ੍ਹਾਂ ਤੋਂ ਟੁੱਟ ਜਾਂਦਾ ਹੈ ਜਿਸ ਥਾਂ ਇਸ ਕੀੜੇ ਦਾ ਹਮਲਾ ਹੋਵੇ । ਜਿਸ ਖੇਤ ਵਿੱਚ ਹਮਲਾ ਜ਼ਿਆਦਾ ਹੋਇਆ ਹੋਵੇ ਉਸ ਤੋਂ ਮੂਢੀ ਫ਼ਸਲ ਨਾ ਰੱਖੋ ।

★ **ਮੂਢੇ ਕਮਾਦ ਦਾ ਮਧਰੇਪਣ ਦਾ ਰੋਗ** :- ਇਹ ਰੋਗ ਇੱਕ ਜੀਵਾਣੂੰ ਕਰ ਕੇ ਹੁੰਦਾ ਹੈ ।

★ **ਰੱਤਾ ਰੋਗ** : ਇਹ ਰੋਗ ਇੱਕ ਉੱਲੀ ਕਰਕੇ ਹੁੰਦਾ ਹੈ । ਚੀਰੇ ਹੋਏ ਗੰਨਿਆਂ ਦਾ ਅੰਦਰੋਂ ਗੁੱਦਾ ਲਾਲ ਹੋ ਜਾਂਦਾ ਹੈ ਜਿਸ ਵਿੱਚ ਚਿੱਟੇ ਲੰਬੂਤਰੇ ਧੱਬੇ ਗੰਨੇ ਦੀ ਚੌੜਾਈ ਦੇ ਰੁੱਖ ਕੱਟਦੇ ਨਜ਼ਰ ਆਉਂਦੇ ਹਨ । ਇਹਨਾਂ ਚੀਰੇ ਗੰਨਿਆਂ ਵਿੱਚੋਂ ਸ਼ਰਾਬ ਵਰਗੀ ਬੂ ਆਉਂਦੀ ਹੈ ।

★ **ਮੁਰਝਾਉਣਾ** :- ਇਹ ਰੋਗ ਵੀ ਇੱਕ ਉੱਲੀ ਕਰਕੇ ਹੁੰਦਾ ਹੈ । ਇਸ ਬਿਮਾਰੀ ਨੂੰ ਫੈਲਾਉਣ ਵਾਲੀ ਉੱਲੀ ਬਹੁਤ ਦੇਰ ਤੱਕ ਖੇਤ ਵਿੱਚ ਉਵੇਂ ਹੀ ਪਈ ਰਹਿੰਦੀ ਹੈ । ਇਸ ਕਰਕੇ ਅਜਿਹੇ ਖੇਤ ਵਿੱਚ ਤਿੰਨ ਸਾਲਾਂ ਲਈ ਗੰਨਾ ਨਹੀਂ ਬੀਜਣਾ ਚਾਹੀਦਾ ।

★ ਰੱਤਾ ਰੋਗ ਅਤੇ ਵਿਲਟ ਰੋਗ ਤੋਂ ਪ੍ਰਭਾਵਿਤ ਖੇਤਾਂ ਵਿੱਚ ਕ੍ਰਮਵਾਰ ਇੱਕ ਅਤੇ ਤਿੰਨ ਸਾਲ ਲਈ ਗੰਨਾ ਨਾ ਬੀਜੋ ।

★ **ਕਾਂਗਿਆਰੀ** :- ਬਿਮਾਰੀ ਵਾਲੇ ਗੰਨਿਆਂ ਦੀ ਮੁੱਖ ਸ਼ਾਖ ਛਾਂਟੇ ਵਰਗੀ ਬਣ ਜਾਂਦੀ ਹੈ, ਜਿਸ ਉਪਰ ਕਾਲਾ ਧੂੜੇਦਾਰ ਮਾਦਾ ਲੱਗਾ ਹੁੰਦਾ ਹੈ । ਅਜਿਹੀ ਫ਼ਸਲ ਮੂਢੀ ਨਹੀਂ ਰੱਖਣੀ ਚਾਹੀਦੀ ।

★ **ਘਾਹ ਵਰਗੀਆਂ ਸ਼ਾਖਾਂ ਦਾ ਰੋਗ** :- ਇਹ ਰੋਗ ਵਾਇਰਸ ਵਰਗੇ ਕਣਾਂ ਕਰਕੇ ਹੁੰਦਾ ਹੈ । ਰੋਗੀ ਬੂਟਿਆਂ ਵਿੱਚੋਂ ਬਹੁਤ ਸਾਰੀਆਂ ਬਰੀਕ ਸ਼ਾਖਾਂ ਫੁੱਟਦੀਆਂ ਹਨ । ਇਸ ਬਿਮਾਰੀ ਦੇ ਹੋਣ ਦਾ ਡਰ ਮੂਢੀ ਫ਼ਸਲ ਵਿੱਚ ਵਧੇਰੇ ਹੁੰਦਾ ਹੈ । ਅਜਿਹੀ ਫ਼ਸਲ ਮੂਢੀ ਨਹੀਂ ਰੱਖਣੀ ਚਾਹੀਦੀ ।

**ਗੁਰਮੀਤ ਸਿੰਘ ਅਤੇ ਰਜਿੰਦਰ ਕੁਮਾਰ,**
**ਫਾਰਮ ਸਲਾਹਕਾਰ ਸੇਵਾ ਕੇਂਦਰ,**
**ਅੰਮ੍ਰਿਤਸਰ** (ਮੋ. 98148-25584)

# ਧੁੰਦ ਅਤੇ ਠੰਢ ਕਣਕ ਦੀ ਫ਼ਸਲ ਲਈ ਵਰਦਾਨ

ਪੰਜਾਬ-ਹਰਿਆਣਾ ਵਿੱਚ ਜ਼ਬਰਦਸਤ ਧੁੰਦ ਅਤੇ ਠੰਢ ਪੈ ਰਹੀ ਹੈ । ਇਸ ਠੰਢ ਦਾ ਕਣਕ ਦੇ ਝਾੜ 'ਤੇ ਕਾਫ਼ੀ ਜ਼ਿਆਦਾ ਅਸਰ ਪੈਣ ਦੀ ਸੰਭਾਵਨਾ ਹੈ ।



ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਜ਼ਿਆਦਾ ਠੰਢ ਕਣਕ ਦੀ ਫ਼ਸਲ ਨੂੰ ਦੇਸੀ ਘਿਉ ਵਾਂਗ ਲੱਗਦੀ ਹੈ । ਠੰਢ ਕਾਰਨ ਕਣਕ ਦਾ ਝਾੜ ਕਾਫ਼ੀ ਜ਼ਿਆਦਾ ਵਧਦਾ ਹੈ । ਕਣਕ ਦੀ ਫ਼ਸਲ ਨੂੰ ਪੱਕਣ ਅਤੇ ਵਧਣ ਲਈ ਘੱਟ ਤਾਪਮਾਨ ਦੀ ਲੋੜ ਹੁੰਦੀ ਹੈ । ਇਸ ਕਾਰਨ ਕਿਸਾਨਾਂ ਦੇ ਚਿਹਰੇ ਖਿੜੇ ਹੋਏ ਵਿਖਾਈ ਦੇ ਰਹੇ ਹਨ । ਮਾਹਿਰਾਂ ਦਾ ਕਹਿਣਾ ਹੈ ਕਿ ਕਣਕ ਦੀ ਫ਼ਸਲ ਲਈ ਸ਼ੁਰੂਆਤੀ ਦੌਰ ਵਿੱਚ ਘੱਟ ਤਾਪਮਾਨ ਦੀ ਲੋੜ ਹੁੰਦੀ ਹੈ । ਠੰਢ ਵਧਣ ਕਾਰਨ ਕਣਕ ਦੇ ਬੂਟੇ ਦਾ ਫੁਟਾਰਾ ਵੱਧ ਹੁੰਦਾ ਹੈ । ਇਸ ਸੰਬੰਧੀ ਖੇਤੀ ਮਾਹਿਰਾਂ ਤੇ ਕਿਸਾਨਾਂ ਦਾ ਕਹਿਣਾ ਹੈ ਕਿ ਮੌਜੂਦਾ ਮੌਸਮ ਹਾਲ ਦੀ ਘੜੀ ਕਣਕ ਦੀ ਫ਼ਸਲ ਦੇ ਅਨੁਕੂਲ ਹੈ । ਇਸ ਸੰਬੰਧੀ ਮੁੱਖ ਖੇਤੀਬਾੜੀ ਅਫਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਕਣਕ ਦੀ ਫ਼ਸਲ ਲਈ ਦੋ ਸਟੇਜਾਂ ਹੁੰਦੀਆਂ ਹਨ - ਇੱਕ ਵੈਜੀਟੇਟਿਵ ਤੇ ਦੂਜਾ ਰੀਪਰਿਡਕਟਿਵ ਹੁੰਦਾ ਹੈ । ਵੈਜੀਟੇਟਿਵ ਕਣਕ ਦੀ ਬਿਜਾਈ ਤੋਂ ਲੈ ਕੇ ਪੱਤੇ ਨਿਕਲਣ ਤੱਕ ਹੁੰਦਾ ਹੈ । ਇਸ ਵਿੱਚ ਜਿੰਨੀ ਜ਼ਿਆਦਾ ਠੰਡ ਵਧੇਗੀ, ਝਾੜ ਵੀ ਉਨਾ ਹੀ ਜ਼ਿਆਦਾ ਵੱਧ ਨਿਕਲਦਾ ਹੈ ਅਤੇ ਦੂਜੀ ਸਟੇਜ ਵਿੱਚ ਕਣਕ ਵਿੱਚ ਦਾਣਾ ਪੈਣਾ ਸ਼ੁਰੂ ਹੋ ਜਾਂਦਾ ਹੈ । ਡਾ. ਜਸਵਿੰਦਰ ਸਿੰਘ ਦਾ ਕਹਿਣਾ ਹੈ ਕਿ ਜਿੰਨੀ ਜ਼ਿਆਦਾ ਠੰਢ ਵੱਧ ਹੋਵੇਗੀ, ਉਹ ਕਣਕ ਦੀ ਫ਼ਸਲ ਲਈ ਲਾਹੇਵੰਦ ਸਾਬਤ ਹੋਵੇਗੀ ।



# ਕਪਾਹ ਕਿਸਾਨਾਂ ਦੀਆਂ ਵਧਦੀਆਂ ਚੁਣੌਤੀਆਂ

ਆਰ. ਕੇ. ਵਿਸ਼ਵਕਰਮਾ

ਭਾਰਤ ਵਿੱਚ ਕੱਚੇ ਕਪਾਹ ਦੀ ਦਰਾਮਦ ’ਤੇ ਪਹਿਲਾਂ 5 ਫ਼ੀਸਦੀ ਦਾ ਮੂਲ ਕਸਟਮ ਡਿਊਟੀ, 5 ਫ਼ੀਸਦੀ ਖੇਤੀ ਬੁਨਿਆਦੀ ਢਾਂਚੇ ਅਤੇ ਵਿਕਾਸ ਉਪ ਕਰ ਅਤੇ ਇਨ੍ਹਾਂ ਦੋਵਾਂ ’ਤੇ 10 ਫ਼ੀਸਦੀ ਸਮਾਜਿਕ ਕਲਿਆਣ ਸਰਚਾਰਜ, ਭਾਵ ਕੁੱਲ ਮਿਲਾ ਕੇ 11 ਫ਼ੀਸਦੀ ਦੀ ਕਸਟਮ ਡਿਊਟੀ ਲੱਗਦੀ ਸੀ। ਫਰਵਰੀ 2021 ਵਿੱਚ ਕਿਸਾਨ ਅੰਦੋਲਨ ਤੋਂ ਬਾਅਦ ਦੇਸ਼ ਦੇ ਕਪਾਹ ਕਿਸਾਨਾਂ ਦੇ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਇਹ ਡਿਊਟੀ ਲਗਾਈ ਜਾਂਦੀ ਸੀ ਪਰ ਹੁਣ ਸਰਕਾਰ ਨੇ ਕੱਪੜਾ ਉਦਯੋਗ ਦੀ ਮੰਗ ’ਤੇ ਕੱਚੀ ਕਪਾਹ ਦੀ ਦਰਾਮਦ ’ਤੇ ਸਾਰੀ ਕਸਟਮ ਡਿਊਟੀ ਵਿੱਚ 19 ਅਗਸਤ, 2025 ਤੋਂ ਛੋਟ ਦੇ ਦਿੱਤੀ ਹੈ।



ਅਮਰੀਕੀ ਖੇਤੀ ਵਿਭਾਗ ਨੇ ਵੀ ਬਾਕਾਇਦਾ ਬਿਆਨ ਜਾਰੀ ਕਰ ਕੇ ਇਸ ਨੂੰ ਮਹੱਤਵਪੂਰਨ ਕਦਮ ਦੱਸਿਆ ਅਤੇ ਕਿਹਾ ਕਿ ਇਸ ਨਾਲ ਅਮਰੀਕੀ ਕਪਾਹ ਦੀ ਭਾਰਤ ਵਿੱਚ ਬਰਾਮਦ ਵੱਧੇਗੀ। ਇਸ ਫੈਸਲੇ ਨਾਲ ਬੇਸ਼ੱਕ ਹੀ ਅਮਰੀਕਾ ਨੂੰ ਫਾਇਦਾ ਹੋਵੇ, ਪਰ ਦੇਸ਼ ਦੇ ਕਿਸਾਨ ਇਸ ਤੋਂ ਦੁੱਖੀ ਹਨ। ਭਾਰਤ ਨੂੰ ਕਪਾਹ ਬਰਾਮਦ ਕਰਨ ਵਾਲਾ ਅਮਰੀਕਾ ਸਭ ਤੋਂ ਵੱਡਾ ਦੇਸ਼ ਹੈ ਅਤੇ ਉੱਥੇ ਕਪਾਹ ਦੀ ਨਵੀਂ ਫ਼ਸਲ ਬਾਜ਼ਾਰ ਵਿੱਚ ਜੁਲਾਈ-ਅਗਸਤ ਤੋਂ ਆਉਣੀ ਸ਼ੁਰੂ ਹੋ ਜਾਂਦੀ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਦਰਾਮਦੀ ਡਿਊਟੀ ਉਸ ਸਮੇਂ ਖ਼ਤਮ ਕੀਤੀ ਗਈ, ਜਦੋਂ ਭਾਰਤੀ ਕਿਸਾਨਾਂ ਦੀ ਕਪਾਹ ਦੀ ਨਵੀਂ ਉਪਜ ਬਾਜ਼ਾਰ ਵਿੱਚ ਆਉਣ ਹੀ ਵਾਲੀ ਸੀ। ਦੇਸ਼ ਵਿੱਚ ਕਪਾਹ ਦੀ ਫ਼ਸਲ ਅਕਤੂਬਰ ਤੋਂ ਸਤੰਬਰ ਤੱਕ ਹੁੰਦੀ ਹੈ, ਇਸੇ ਦੌਰਾਨ ਕਿਸਾਨਾਂ ਨੂੰ ਕਪਾਹ ਦੀਆਂ ਚੰਗੀਆਂ ਕੀਮਤਾਂ ਮਿਲਣ ਦੀ ਉਮੀਦ ਹੁੰਦੀ ਹੈ। ਹੁਣ ਵਿਦੇਸ਼ ਤੋਂ ਵੱਡੇ ਪੱਧਰ ’ਤੇ ਕਪਾਹ ਆਉਣ ਨਾਲ ਘਰੇਲੂ ਕਪਾਹ ਦੀਆਂ ਕੀਮਤਾਂ ਡਿੱਗ ਜਾਣਗੀਆਂ।

ਕਸਟਮ ਡਿਊਟੀ ਵਿੱਚ ਛੋਟ ਦਾ ਨੋਟੀਫਿਕੇਸ਼ਨ ਜਾਰੀ ਹੋਣ ਦੇ ਦਿਨ ਭਾਰਤੀ ਕਪਾਹ ਨਿਗਮ ਭਾਵ ‘ਕਾਟਨ ਕਾਰਪੋਰੇਸ਼ਨ ਆਫ ਇੰਡੀਆ’ (ਸੀ. ਸੀ. ਆਈ.) ਨੇ ਕਪਾਹ ਦੀ ਕੀਮਤ 600 ਰੁਪਏ ਪ੍ਰਤੀ ਕੈਂਡੀ (ਇੱਕ ਕੈਂਡੀ-365 ਕਿ. ਗ੍ਰਾ.) ਘੱਟ ਕਰ ਦਿੱਤੀ ਅਤੇ ਉਸ ਦੇ ਦੂਜੇ ਦਿਨ ਫਿਰ 500 ਰੁਪਏ ਪ੍ਰਤੀ ਕੈਂਡੀ ਘੱਟ ਕਰ ਦਿੱਤੀ। ਇਸ ਤਰ੍ਹਾਂ ਸਿਰਫ਼ 10 ਦਿਨਾਂ ਦੇ ਅੰਦਰ ਹੀ ਕਪਾਹ ਦੇ ਘੱਟੋ-ਘੱਟ ਮੁੱਲ ਵਿੱਚ ਕੁੱਲ 1700 ਰੁਪਏ ਪ੍ਰਤੀ ਕੈਂਡੀ ਦੀ ਕਮੀ ਖੁਦ ਸਰਕਾਰ ਵੱਲੋਂ ਕੀਤੀ ਗਈ।

ਪਹਿਲਾਂ ਅਮਰੀਕੀ ਕਪਾਹ ਦਾ ਸਭ ਤੋਂ ਵੱਡਾ ਦਰਾਮਦਕਾਰ ਚੀਨ ਸੀ ਪਰ ਡੋਨਾਲਡ ਟਰੰਪ ਦੀ ਕਸਟਮ ਡਿਊਟੀ ਕਾਰਨ ਚੀਨ ਉੱਥੋਂ ਕਪਾਹ ਦੀ ਦਰਾਮਦ ਘੱਟ ਕਰਦਾ ਜਾ ਰਿਹਾ ਹੈ। ਇਸ ਲਈ ਅਮਰੀਕਾ ਨੂੰ ਇੱਕ ਬਦਲਵੇਂ ਬਾਜ਼ਾਰ ਦੀ ਤਲਾਸ਼ ਸੀ, ਜੋ ਉਸ ਨੂੰ ਭਾਰਤ ਵਿੱਚ ਨਜ਼ਰ ਆ ਰਿਹਾ ਹੈ। ਹਾਲਾਂਕਿ, ਭਾਰਤ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਕਪਾਹ ਉਤਪਾਦਕ ਦੇਸ਼ ਹੈ ਅਤੇ ਇੱਥੇ ਘਰੇਲੂ ਖਪਤ ਕੁੱਲ ਉਤਪਾਦਨ ਦੀ ਔਸਤਨ 95 ਫ਼ੀਸਦੀ ਹੈ ਪਰ ਇੱਥੇ ਉੱਚ ਗੁਣਵੱਤਾ ਵਾਲੀ ਜਾਂ ਜ਼ਿਆਦਾ ਲੰਬੇ ਰੇਸ਼ੇ ਵਾਲੀ ਕਪਾਹ (ਈ. ਐੱਲ. ਐੱਸ.) ਦੀ ਪੈਦਾਵਰ ਘੱਟ ਹੁੰਦੀ ਹੈ ਅਤੇ ਉਸ ਦੀ ਲੋੜ ਤਾਂ ਦਰਾਮਦ ਜ਼ਰੀਏ ਪੂਰੀ ਕੀਤੀ ਜਾਂਦੀ ਹੈ।

ਦਰਅਸਲ, ਉੱਚ ਗੁਣਵੱਤਾ ਵਾਲੀ ਜਾਂ ਅਤਿ ਲੰਬੇ ਰੇਸ਼ੇ ਵਾਲੀ ਕਪਾਹ ਦੀ ਦਰਾਮਦ ਉੱਤੋਂ 11 ਫ਼ੀਸਦੀ ਡਿਊਟੀ ਸਰਕਾਰ ਨੇ 20 ਫਰਵਰੀ, 2024 ਤੋਂ ਖ਼ਤਮ ਕਰ ਦਿੱਤੀ ਪਰ ਇਸ ਨੂੰ ਛੋਟੇ ਰੇਸ਼ੇ ਦੀ ਕਪਾਹ ਦਰਾਮਦ ’ਤੇ ਡਿਊਟੀ ਜਾਰੀ ਸੀ, ਜਿਸ ਨੂੰ ਇਸ ਸਾਲ ਅਗਸਤ ਵਿੱਚ ਖ਼ਤਮ ਕੀਤਾ ਗਿਆ।

ਕਪਾਹ ਤੋਂ ਕਸਟਮ ਡਿਊਟੀ ਹਟਾਉਣ ਨੂੰ ਲੈ ਕੇ ਜਾਰੀ ਬਿਆਨ ਵਿੱਚ ਕੱਪੜਾ ਨਿਰਮਾਤਾਵਾਂ ਅਤੇ ਖਪਤਕਾਰਾਂ ਦੇ ਹਿੱਤਾਂ ਦੀ ਗੱਲ ਤਾਂ ਕਹੀ ਗਈ ਸੀ ਪਰ ਕਪਾਹ ਕਿਸਾਨਾਂ ਦਾ ਜ਼ਿਕਰ ਕਰਨਾ ਸਰਕਾਰ ਭੁੱਲ ਗਈ। ਦੂਜੀ ਵਾਰ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਭਾਰਤੀ ਕਪਾਹ ਨਿਗਮ ਲਿਮਟਿਡ ਵੱਲੋਂ ਸੰਚਾਲਿਤ ਘੱਟੋ-ਘੱਟ ਸਮਰਥਨ ਮੁੱਲ ਵਿਵਸਥਾ ਰਾਹੀਂ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕੀਤੀ ਜਾਂਦੀ ਹੈ, ਜੋ ਇਹ ਯਕੀਨੀ ਕਰਦੀ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਉਤਪਾਦਨ ਲਾਗਤ ਤੋਂ ਘੱਟ ਤੋਂ ਘੱਟ 50 ਫ਼ੀਸਦੀ ਵੱਧ ਮੁੱਲ ਪ੍ਰਾਪਤ ਹੋਵੇ।

**ਹੁਣ ਇੱਥੇ ਦੋ ਗੱਲਾਂ ਹਨ** : ਪਹਿਲੀ ਇਹ ਕਿ ਸਰਕਾਰ ਕਪਾਹ ਦਾ ਘੱਟੋ-ਘੱਟ ਸਮਰਥਨ ਮੁੱਲ ਕਿੰਨਾ ਤੈਅ ਕਰਦੀ ਹੈ ਅਤੇ ਦੂਜੀ ਇਹ ਕਿ ਇਸ ਮੁੱਲ ’ਤੇ ਸਰਕਾਰ ਕਿਸਾਨਾਂ ਤੋਂ ਕਿੰਨੀ ਕਪਾਹ ਖਰੀਦਦੀ ਹੈ।

ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਦਾ ਨਿਰਧਾਰਨ ਏ-2 ਐੱਫ. ਐੱਲ. ਫਾਰਮੂਲੇ ਦੇ ਆਧਾਰ ’ਤੇ ਕਰਦੀ ਹੈ। ਇਸ ਦੇ ਅਨੁਸਾਰ, ਦਰਮਿਆਨੇ ਰੇਸ਼ੇ ਦੀ ਕਪਾਹ ਦਾ ਘੱਟੋ-ਘੱਟ ਸਮਰਥਨ ਮੁੱਲ ਸਾਲ 2024-25 ਲਈ 7,121 ਰੁਪਏ ਪ੍ਰਤੀ ਕੁਇੰਟਲ ਹੋਣਾ ਚਾਹੀਦਾ ਹੈ ਪਰ ਕਿਸਾਨ ਸੰਗਠਨਾਂ ਦੀ ਮੰਗ ਹੈ ਕਿ ਇਹ ਸੀ-2 ਫਾਰਮੂਲੇ ਦੇ ਆਧਾਰ ’ਤੇ ਨਿਰਧਾਰਤ ਕੀਤਾ ਜਾਣਾ ਚਾਹੀਦਾ ਹੈ, ਜਿਸ ਅਨੁਸਾਰ ਇਹ ਮੁੱਲ 10,075 ਰੁਪਏ ਪ੍ਰਤੀ ਕੁਇੰਟਲ ਹੋਣਾ ਚਾਹੀਦਾ ਹੈ। ਘੱਟੋ-ਘੱਟ ਸਮਰਥਨ ਮੁੱਲ ਦੇ ਨਿਰਧਾਰਨ ਲਈ ਸੀ-2 ਦਾ ਫਾਰਮੂਲਾ ਡਾ. ਐੱਮ. ਐੱਸ. ਸਵਾਮੀਨਾਥਨ ਨੇ ਸੁਝਾਇਆ ਸੀ।



ਭਾਰਤ ਵਿੱਚ ਕਪਾਹ ਦੀ ਖੇਤੀ ਮੁੱਖ ਤੌਰ ’ਤੇ ਲਗਭਗ 99 ਫ਼ੀਸਦੀ ਖਰੀਫ ਫ਼ਸਲ ਵਜੋਂ ਹੁੰਦੀ ਹੈ, ਜਦਕਿ ਤਾਮਿਲਨਾਡੂ ਅਤੇ ਉਸ ਦੇ ਨੇੜੇ-ਤੇੜੇ ਦੇ ਦੂਜੇ ਸੂਬਿਆਂ ਦੇ ਕੁੱਝ ਹਿੱਸਿਆਂ ਵਿੱਚ ਇਹ ਰਬੀ ਦੀ ਫ਼ਸਲ ਹੈ। ਭਾਰਤ ਵਿੱਚ ਲਗਭਗ 60 ਲੱਖ ਕਿਸਾਨ ਪਰਿਵਾਰ ਕਪਾਹ ਦੀ ਖੇਤੀ ਨਾਲ ਆਪਣੀ ਰੋਜ਼ੀ-ਰੋਟੀ ਚਲਾਉਂਦੇ ਹਨ। ਇਸ ਤੋਂ ਇਲਾਵਾ 4.5 ਕਰੋੜ ਦੂਜੇ ਲੋਕ ਵੀ ਇਸ ਦੇ ਵਪਾਰ ਨਾਲ ਜੁੜੇ ਹਨ।

ਇੱਥੇ ਪਿੱਛਲੇ ਸਾਲ ਕੁੱਲ 114.47 ਲੱਖ ਹੈਕਟੇਅਰ ਖੇਤੀ ਯੋਗ ਜ਼ਮੀਨ ’ਤੇ ਕਪਾਹ ਦੀ ਖੇਤੀ ਕੀਤੀ ਗਈ, ਜੋ ਪੂਰੀ ਦੁਨੀਆ ਵਿੱਚ ਕਪਾਹ ਦੀ ਖੇਤੀ ਦੇ ਰਕਬੇ 314.79 ਲੱਖ ਹੈਕਟੇਅਰ ਦਾ 36.36 ਫ਼ੀਸਦੀ ਹੈ। ਰਕਬੇ ਦੇ ਲਿਹਾਜ਼ ਨਾਲ ਭਾਰਤ ਪੂਰੀ ਦੁਨੀਆ ਵਿੱਚ ਪਹਿਲੇ ਸਥਾਨ ’ਤੇ ਹੈ ਅਤੇ ਉਤਪਾਦਨ ਦੇ ਮਾਮਲੇ ਵਿੱਚ ਚੀਨ ਤੋਂ ਬਾਅਦ ਦੂਜੇ ਸਥਾਨ ’ਤੇ ਪਰ ਇੱਥੇ ਪ੍ਰਤੀ ਹੈਕਟੇਅਰ ਕਪਾਹ ਦੀ ਪੈਦਾਵਾਰ (437 ਕਿ. ਗ੍ਰਾ. ਪ੍ਰਤੀ ਹੈਕਟੇਅਰ) ਵਿਸ਼ਵ ਦੀ ਔਸਤ ਪੈਦਾਵਾਰ (833 ਕਿ. ਗ੍ਰਾ. ਪ੍ਰਤੀ ਹੈਕਟੇਅਰ) ਤੋਂ ਕਾਫ਼ੀ ਘੱਟ ਹੈ।

ਪਿਛਲੇ 10 ਸਾਲਾਂ ਵਿੱਚ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ ’ਤੇ ਕਪਾਹ ਦੀ ਖਰੀਦ ’ਤੇ ਕੁੱਲ 1,17,348.13 ਕਰੋੜ ਰੁਪਏ ਖਰਚ ਕੀਤੇ। ਇਹ ਇੱਕ ਨਿਵੇਸ਼ ਦੀ ਤਰ੍ਹਾਂ ਹੈ, ਸੀ. ਸੀ. ਆਈ. ਕਿਸਾਨਾਂ ਤੋਂ ਕਪਾਹ ਖਰੀਦ ਕੇ ਇਸ ਨੂੰ ਬਾਜ਼ਾਰ ਵਿੱਚ ਵੇਚਦੀ ਹੈ। ਪਰ ਕਿਸਾਨਾਂ ਦੀ ਆਰਥਿਕ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ। ਇਸ ਸਾਲ ਦੇ ਪਹਿਲੇ 3 ਮਹੀਨਿਆਂ ਵਿੱਚ ਮਹਾਰਾਸ਼ਟਰ ਦੇ ਵਿਦਰਭ ਖੇਤਰ ਵਿੱਚ ਲਗਭਗ 767 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ। ਪਿਛਲੇ ਦਹਾਕੇ ਵਿੱਚ ਕੁੱਲ ਕਪਾਹ ਦਾ ਉਤਪਾਦਨ 1370.72 ਮਿਲੀਅਨ ਗੰਢਾਂ (ਇੱਕ ਗੰਢ ਦਾ ਭਾਰ 170 ਕਿਲੋਗ੍ਰਾਮ) ਰਿਹਾ ਅਤੇ ਘੱਟੋ-ਘੱਟ ਸਮਰਥਨ ਮੁੱਲ ’ਤੇ ਕੁੱਲ ਖਰੀਦ ਸਿਰਫ਼ 380.58 ਲੱਖ ਗੰਢਾਂ ਸਨ।

ਇਸ ਤਰ੍ਹਾਂ ਕਪਾਹ ਦਾ ਪ੍ਰਤੀ ਸਾਲ ਔਸਤ ਉਤਪਾਦਨ ਰਿਹਾ 337 ਗੰਢਾਂ ਅਤੇ ਘੱਟੋ-ਘੱਟ ਸਮਰਥਨ ਮੁੱਲ ’ਤੇ ਖਰੀਦ ਸਿਰਫ਼ 38 ਗੰਢਾਂ। ਭਾਵ ਕੁੱਲ ਉਪਜ ਦੀ ਸਿਰਫ਼ 11.27 ਫ਼ੀਸਦੀ ਕਪਾਹ ਹੀ ਸਰਕਾਰ ਵੱਲੋਂ ਖਰੀਦੀ ਗਈ। ਇਹੀ ਨਹੀਂ, ਪ੍ਰਤੀ ਸਾਲ ਕਪਾਹ ਦੀ ਖੇਤੀ ਕਰਨ ਵਾਲੇ ਲਗਭਗ 60 ਲੱਖ ਕਿਸਾਨਾਂ ਵਿੱਚੋਂ ਸਿਰਫ਼ 7.88 ਲੱਖ ਕਿਸਾਨਾਂ ਤੋਂ ਵੀ ਘੱਟੋ-ਘੱਟ ਸਮਰਥਨ ਮੁੱਲ ’ਤੇ ਕਪਾਹ ਦੀ ਖਰੀਦਦਾਰੀ ਕੀਤੀ ਗਈ। ਇਨ੍ਹਾਂ ਹਾਲਾਤ ਵਿੱਚ ਕਿਸਾਨਾਂ ਦੇ ਹਿੱਤ ਦੀ ਰੱਖਿਆ ਕਿਵੇਂ ਹੋਵੇਗੀ ?

---

# ਛੋਟੇ ਕਿਸਾਨਾਂ ਲਈ ਸ਼ਹਿਦ ਦੇ ਮੰਡੀਕਰਨ ਸੰਬੰਧੀ ਨੁਕਤੇ



ਨਰਿੰਦਰਪਾਲ ਸਿੰਘ ਅਤੇ
ਗੁਰਮੀਤ ਸਿੰਘ, ਫਾਰਮ ਸਲਾਹਕਾਰ
ਸੇਵਾ ਕੇਂਦਰ, ਅੰਮ੍ਰਿਤਸਰ
(ਮੋ. 98148-25584)

**ਸ਼ਹਿਦ ਦੇ ਭੰਡਾਰਨ ਸੰਬੰਧੀ ਮਹੱਤਵਪੂਰਨ ਜਾਣਕਾਰੀ :**

1. ਸ਼ਹਿਦ ਦੇ ਭੰਡਾਰਨ ਲਈ ਸਟੀਲ ਦੇ ਬਰਤਨ ਵਰਤੋਂ।
2. ਸ਼ਹਿਦ ਕੁਦਰਤੀ ਤੌਰ ਤੇ ਪਾਣੀ ਨੂੰ ਸੋਖਦਾ ਹੈ। ਇਸ ਲਈ ਸ਼ਹਿਦ ਬਿਨਾਂ ਢੱਕਣ ਦੇ ਨਾ ਰੱਖੋ।
3. ਸ਼ਹਿਦ ਨੂੰ ਸਿੱਧੇ ਤੌਰ ਤੇ ਗਰਮ ਕਰਨ ਨਾਲ ਮੌਜੂਦ ਵਿਟਾਮਿਨ ਅਤੇ ਐਨਜ਼ਾਇਮ ਮਰ ਸਕਦੇ ਹਨ।
4. ਸ਼ਹਿਦ ਵਿੱਚ ਪਾਏ ਜਾਣ ਵਾਲੇ ਤੇਜ਼ਾਬ ਇਸ ਨੂੰ ਲੰਬੇ ਸਮੇਂ ਤੱਕ ਭੰਡਾਰਨ ਕਰਨ ਲਈ ਸਹਾਈ ਹੁੰਦੇ ਹਨ।
5. ਹਮੇਸ਼ਾ ਪੱਕਿਆ ਹੋਇਆ ਸ਼ਹਿਦ ਹੀ ਕੱਢੋ। ਕੱਚਾ ਸ਼ਹਿਦ ਜਲਦੀ ਖਰਾਬ ਹੋ ਜਾਂਦਾ ਹੈ।
6. ਸ਼ਹਿਦ ਹਮੇਸ਼ਾ ਸੁਪਰ ਚੈਂਬਰ ਵਿੱਚੋਂ ਹੀ ਕੱਢੋ।

**ਪ੍ਰਚੂਨ ਵਿਕਰੀ ਕਰਨ ਲਈ ਮਹੱਤਵਪੂਰਨ ਨੁਕਤੇ :**

1. ਸ਼ਹਿਰਾਂ ਵਿੱਚ ਰਹਿੰਦੇ ਲੋਕਾਂ ਨੂੰ ਖੁਰਾਕ ਵਿੱਚ ਸ਼ਹਿਦ ਦੀ ਜਾਣਕਾਰੀ ਹੋਣ ਅਤੇ ਸ਼ਹਿਰੀ ਲੋਕਾਂ ਦਾ ਆਰਥਿਕ ਪੱਧਰ ਵਧੀਆ ਹੋਣ ਨਾਲ ਸ਼ਹਿਦ ਦੀ ਵਿਕਰੀ ਸੌਖੀ ਹੁੰਦੀ ਹੈ।
2. ਛੋਟੇ ਪੱਧਰ ਦੀ ਦੁਕਾਨਦਾਰੀ ਕਰਕੇ ਮਧੂ ਮੱਖੀ ਪਾਲਕ ਸ਼ਹਿਦ ਨੂੰ ਆਪ ਸਿੱਧੇ ਤੌਰ ਤੇ ਖਪਤਕਾਰ ਨੂੰ ਵੇਚਣ ਦਾ ਉਪਰਾਲਾ ਕਰਨ।
3. ਮਧੂ ਮੱਖੀ ਪਾਲਕ ਆਪਣੇ ਘਰ ਦੇ ਕਿਸੇ ਕਮਰੇ ਨੂੰ, ਜਿਸਦਾ ਦਰਵਾਜ਼ਾ ਬਾਹਰ ਗਲੀ ਵੱਲ ਜਾਂ ਸੜਕ ਨੂੰ ਖੁੱਲ੍ਹਦਾ ਹੋਵੇ, ਸ਼ਹਿਦ ਵੇਚਣ ਲਈ ਵਰਤ ਸਕਦਾ ਹੈ।
4. ਕਿਸਾਨ ਮੰਡੀਆਂ ਜਾਂ ਸੜਕਾਂ ਦੇ ਕਿਨਾਰੇ ਬਣੇ ਸਟਾਲ, ਜੂਸ/ਠੰਡੇ ਪਾਣੀ ਵਾਲੀਆਂ ਰੇਹੜੀਆਂ ਉੱਪਰ ਵੀ ਸ਼ਹਿਦ ਵੇਚ ਸਕਦੇ ਹਨ।
5. ਤਿਉਹਾਰਾਂ ਅਤੇ ਮੇਲਿਆਂ ਤੇ ਲੋਕਾਂ ਨੂੰ ਸ਼ਹਿਦ ਖਰੀਦਣ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ।
6. ਲੋਕਾਂ ਦੇ ਇਕੱਠ ਵਿੱਚ ਸ਼ਹਿਦ ਕੱਢੋ। ਅਜਿਹੀਆਂ ਜਗ੍ਹਾਂ ਤੇ ਸ਼ਹਿਦ ਸੌਖਾਲਿਆ ਹੀ ਵੇਚਿਆ ਜਾ ਸਕਦਾ ਹੈ।
7. ਕਈ ਲੋਕ ਅਣਪੱਕਿਆ ਜਾਂ ਅਣਪੁਣਿਆ ਸ਼ਹਿਦ ਖਾਣ ਦੇ ਸ਼ੌਕੀਨ ਹੁੰਦੇ ਹਨ। ਕੁੱਝ ਲੋਕ ਪੱਕਿਆ ਸ਼ਹਿਦ ਛੱਤੇ ਸਮੇਤ ਖਾਣਾ ਪਸੰਦ ਕਰਦੇ ਹਨ। ਅਜਿਹੇ ਲੋਕਾਂ ਦੀ ਜਾਣਕਾਰੀ ਸ਼ਹਿਦ ਦੀ ਪ੍ਰਚੂਨ ਵਿਕਰੀ ਵਧਾਉਂਦਾ ਹੈ।
8. ਸ਼ਹਿਦ ਦੀ ਕੈਂਡੀ ਬੱਚੇ ਬਹੁਤ ਸ਼ੌਕ ਨਾਲ ਖਾਂਦੇ ਹਨ।
9. ਸ਼ਹਿਦ ਤੁਰੰਤ ਊਰਜਾ ਪ੍ਰਦਾਨ ਕਰਦਾ ਹੈ ਅਤੇ ਇਸ ਵਿੱਚ ਬਿਮਾਰੀਆਂ ਨੂੰ ਕਾਬੂ ਕਰਨ ਦੇ ਗੁਣ ਹੁੰਦੇ ਹਨ। ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਸ਼ਹਿਦ ਦੇ ਇਸ ਗੁਣ ਬਾਰੇ ਜਾਣੂੰ ਕਰਵਾ ਕੇ ਸ਼ਹਿਦ ਦੀ ਵਿਕਰੀ ਵਧਾਈ ਜਾ ਸਕਦੀ ਹੈ।

**ਸ਼ਹਿਦ ਦੀ ਵਿਕਰੀ ਵਧਾਉਣ ਲਈ ਆਮ ਨੁਕਤੇ**

1. ਸ਼ਹਿਦ ਦੀ ਦਰਜ਼ਾਬੰਦੀ ਸ਼ਹਿਦ ਦੇ ਸੋਮੇ ਜਿਸ ਤੋਂ ਸ਼ਹਿਦ ਪ੍ਰਾਪਤ ਕੀਤਾ ਗਿਆ ਹੈ, ਅਨੁਸਾਰ ਕਰੋ।
2. ਗਰੇਡ ਅਤੇ ਵਧੀਆ ਪੈਕਿੰਗ ਗਾਹਕ ਅੰਦਰ ਖਿੱਚ ਪੈਦਾ ਕਰਦੀ ਹੈ। ਸਹੀ ਤਰ੍ਹਾਂ ਨਾਲ ਕੀਤੀ ਸਾਂਭ-ਸੰਭਾਲ ਢੋਆ ਢੁਆਈ ਸਮੇਂ ਸ਼ਹਿਦ ਡੁੱਲਣ ਤੋਂ ਬਚਾਉਂਦੀ ਹੈ।
3. ਛੋਟੀ ਅਤੇ ਘੱਟ ਮਾਤਰਾ ਵਿੱਚ ਪੈਕ ਕੀਤੇ ਸ਼ਹਿਦ ਦਾ ਵੱਧ ਮੁੱਲ ਮਿਲਦਾ ਹੈ।
4. ਸ਼ਹਿਦ ਦੀ ਪੈਕਿੰਗ ਤੇ ਲੇਬਲ ਹੋਣਾ ਚਾਹੀਦਾ ਹੈ। ਲੇਬਲ ਤੇ ਫਾਰਮ ਦਾ ਨਾਮ, ਐਗਮਾਰਕ ਗਰੇਡ, ਪੈਕਿੰਗ ਦੀ ਮਿਤੀ, ਸ਼ਹਿਦ ਦਾ ਭਾਰ ਆਦਿ ਦੀ ਜਾਣਕਾਰੀ ਲਿਖੋ।
5. ਵਿਆਹਾਂ ਅਤੇ ਤਿਉਹਾਰਾਂ ਦੇ ਮੌਕੇ ਤੇ ਸ਼ਹਿਦ ਦੀ ਪੈਕਿੰਗ ਦੇ ਗਿਫਟ ਬਣਾ ਕੇ ਬਜ਼ਾਰ ਵਿੱਚ ਭੇਜੋ।
6. ਆਪਣੇ ਬਰੈਂਡ ਦੀ ਸੇਲ ਵਧਾਉਣ ਲਈ ਇਸ ਦਾ ਇਸ਼ਤਿਹਾਰ ਰੇਡਿਓ, ਲੋਕਲ ਅਖਬਾਰ, ਟੀ.ਵੀ. ਆਦਿ ਵਿੱਚ ਦਿਉ।
7. ਮੰਡੀਕਰਨ ਨਾਲ ਜੁੜੇ ਹਰ ਵਿਚਲੇ ਬੰਦੇ ਦਾ ਹਿੱਸਾ ਜਿਵੇਂ ਕਿ ਸਟਾਕਿਸਟ, ਡਿਸਟਰੀਬਿਊਟਰ, ਡੀਲਰ ਅਤੇ ਸਬ-ਡੀਲਰ ਦਾ ਲਾਭ ਨਿਰਧਾਰਿਤ ਕਰੋ।

# ਸਰ੍ਹੋਂ ਵਿੱਚ ਬਿਮਾਰੀਆਂ ਦੀ ਰੋਕਥਾਮ

ਪ੍ਰਭਜੋਧ ਸਿੰਘ ਸੰਧੂ ਅਤੇ ਪੰਕਜ ਸ਼ਰਮਾ,
ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ
ਮੋਬਾਇਲ : 98555-19676

ਸਰ੍ਹੋਂ ਪੰਜਾਬ ਵਿੱਚ ਹਾੜ੍ਹੀ ਦੇ ਮੌਸਮ ਦੌਰਾਨ ਮੁੱਖ ਤੇਲ ਬੀਜਾਂ ਦੀ ਫ਼ਸਲ ਹੈ। ਇਸ ਫ਼ਸਲ ਤੇ ਵੱਖ-ਵੱਖ ਬਿਮਾਰੀਆਂ ਦਾ ਹਮਲਾ ਹੁੰਦਾ ਹੈ ਜਿਵੇਂ ਕਿ ਤਣੇ ਦਾ ਗਾਲ੍ਹਾ, ਚਿੱਟੀ ਉੱਲੀ, ਪੀਲੇ ਧੱਬਿਆਂ ਦਾ ਰੋਗ ਅਤੇ ਝੁਲਸ ਰੋਗ ਆਦਿ ਜੋ ਕਿ ਫ਼ਸਲ ਵਿੱਚ ਝਾੜ ਦਾ ਨੁਕਸਾਨ ਕਰਦੀਆਂ ਹਨ।

**ਝੁਲਸ ਰੋਗ** : ਇਹ ਵੀ ਇੱਕ ਉੱਲੀ ਵਾਲੀ ਬਿਮਾਰੀ ਹੈ ਜੋ ਕਿ ਹੇਠਲੇ ਪੱਤਿਆਂ ਉੱਪਰ ਕਾਲੇ ਰੰਗ ਦੇ ਬਰੀਕ ਧੱਬਿਆਂ ਦੇ ਰੂਪ ਵਿੱਚ ਸ਼ੁਰੂ ਹੁੰਦੀ ਹੈ। ਅਨੁਕੂਲ ਮੌਸਮ ਕਾਰਨ ਇਹ ਧੱਬੇ ਵੱਡੇ ਹੁੰਦੇ ਜਾਂਦੇ ਹਨ ਅਤੇ ਇਨ੍ਹਾਂ ਉੱਪਰ ਬਿਮਾਰੀ ਦੇ ਕਣਾਂ ਦੇ ਕਾਲੇ ਚੱਕਰ ਦਿਖਾਈ ਦਿੰਦੇ ਹਨ ਜਿੱਥੋਂ ਇਹ ਕਣ ਉੱਡ ਕੇ ਹੋਰ ਪੱਤਿਆਂ ਅਤੇ ਫਲੀਆਂ ਉੱਪਰ ਚਲੇ ਜਾਂਦੇ ਹਨ। ਇਸ ਬਿਮਾਰੀ ਨਾਲ ਪੱਤੇ ਜਲਦੀ ਝੜ੍ਹ ਜਾਂਦੇ ਹਨ ਅਤੇ ਫਲੀਆਂ ਕਾਲੇ ਧੱਬਿਆਂ ਵਾਲੀਆਂ ਨਜ਼ਰ ਆਉਂਦੀਆਂ ਹਨ। ਜਿਨ੍ਹਾਂ ਵਿੱਚ ਦਾਣੇ ਬਹੁਤ ਘੱਟ ਬਣਦੇ ਹਨ ਜਾਂ ਬਣਦੇ ਹੀ ਨਹੀਂ।

**ਰੋਕਥਾਮ** : ਇਸ ਬਿਮਾਰੀ ਦੇ ਹਮਲੇ ਤੋਂ ਬਚਣ ਲਈ ਪਿਛਲੀ ਫ਼ਸਲ ਦੀ ਰਹਿੰਦ-ਖੂੰਹਦ ਨਸ਼ਟ ਕਰ ਦਿਓ ਕਿਉਂਕਿ ਇਸ ਵਿੱਚ ਉੱਲੀ ਦੇ ਬੀਜਾਣੂੰ ਹੁੰਦੇਹਨ।

**ਚਿੱਟੀ ਕੁੰਗੀ** : ਇਹ ਬਿਮਾਰੀ ਵੀ ਉੱਲੀ ਕਾਰਨ ਹੁੰਦੀ ਹੈ। ਇਹ ਬਿਮਾਰੀ ਦਸੰਬਰ ਦੇ ਅੰਤ ਜਾਂ ਜਨਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਪੱਤਿਆਂ ਦੀ ਹੇਠਲੀ ਸਤ੍ਹਾ ਤੇ ਚਿੱਟੇ ਜਾਂ ਬਾਦਾਮੀ ਦਾਣਿਆਂ ਦੇ ਰੂਪ ਵਿੱਚ ਦਿਖਾਈ ਦੇਣਾ ਸ਼ੁਰੂ ਕਰ ਦਿੰਦੀ ਹੈ। ਪ੍ਰਭਾਵਿਤ ਬੂਟਿਆਂ ਦੀਆਂ ਫੁੱਲਾਂ ਵਾਲੀਆਂ ਸ਼ਾਖਾਵਾਂ ਦੇ ਸਿਰੇ ਅਕਸਰ ਹੀ ਮੋਟੇ ਜਾਂ ਫੁੱਲੇ ਹੋਏ ਨਜ਼ਰ ਆਉਂਦੇ ਹਨ। ਫੁੱਲ ਖਰਾਬ ਹੋ ਜਾਂਦੇ ਅਤੇ ਫਲੀਆਂ ਵਿੱਚ ਦਾਣੇ ਨਹੀਂ ਬਣਦੇ। ਇਸ ਬਿਮਾਰੀ ਦਾ ਪੌਦੇ ਦੀਆਂ ਜੜ੍ਹਾਂ ਨੂੰ ਛੱਡ ਕੇ ਬਾਕੀ ਹਿੱਸਿਆਂ ਤੇ ਹਮਲਾ ਹੁੰਦਾ ਹੈ। ਗੋਭੀ ਸਰ੍ਹੋਂ ਦੀ ਫ਼ਸਲ ਤੇ ਚਿੱਟੀ ਕੁੰਗੀ ਦਾ ਹਮਲਾ ਨਹੀਂ ਹੁੰਦਾ ਜਦਕਿ ਦੂਜੀ ਸਰ੍ਹੋਂ ਜਾਤੀ ਦੀਆਂ ਫ਼ਸਲਾਂ ਚਿੱਟੀ ਕੁੰਗੀ ਨਾਲ ਪ੍ਰਭਾਵਿਤ ਹੁੰਦੀਆਂ ਹਨ।

**ਰੋਕਥਾਮ** : ਇਸ ਬਿਮਾਰੀ ਦੇ ਹਮਲੇ ਤੋਂ ਬਚਣ ਲਈ ਪਿਛਲੀ ਫ਼ਸਲ ਦੀ ਰਹਿੰਦ-ਖੂੰਹਦ ਨੂੰ ਨਸ਼ਟ ਕਰੋ। ਚਿੱਟੀ ਕੁੰਗੀ ਦੀ ਰੋਕਥਾਮ ਕਰਨ ਲਈ ਬਿਜਾਈ ਤੋਂ 60 ਅਤੇ 80 ਦਿਨਾਂ ਬਾਅਦ ਪ੍ਰਤੀ ਏਕੜ 250 ਗ੍ਰਾਮ ਰਿਡੋਮਿਲ ਗੋਲਡ (ਮੈਟਾਲੈਕਸਿਲ 4% + ਮੈਂਕੋਜ਼ੇਬ 64%) ਦਾ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਜੇਕਰ ਲੋੜ ਹੋਵੇ ਤਾਂ 20 ਦਿਨਾਂ ਦੇ ਅੰਤਰਾਲ ਤੋਂ ਬਾਅਦ ਸਪਰੇਅ ਦੁਹਰਾਓ।

**ਤਣੇ ਦਾ ਗਾਲ੍ਹਾ** : ਇਹ ਬਿਮਾਰੀ ਮਿੱਟੀ ਤੋਂ ਪੈਦਾ ਹੁੰਦੀ ਹੈ, ਇਹ ਜਨਵਰੀ ਮਹੀਨੇ ਦੌਰਾਨ ਫੁੱਲਾਂ ਦੇ ਵਿਕਾਸ ਦੇ ਨਾਲ ਵਿਕਸਿਤ ਹੁੰਦੀ ਹੈ ਇਸ ਸਮੇਂ ਦੌਰਾਨ ਤਾਪਮਾਨ ਕਾਫ਼ੀ ਘੱਟ ਹੁੰਦਾ ਹੈ ਅਤੇ ਮਿੱਟੀ ਵਿੱਚ ਨਮੀਂ ਦੀ ਭਰਪੂਰ ਮਾਤਰਾ ਹੁੰਦੀ ਹੈ। ਇਹ ਬਿਮਾਰੀ ਤਣੇ ਤੇ ਪਾਣੀ ਨਾਲ ਭਿੱਜੇ ਧੱਬਿਆਂ ਦੇ ਰੂਪ ਵਿੱਚ ਦਿਖਾਈ ਦਿੰਦੀ ਹੈ ਜੋ ਆਕਾਰ ਵਿੱਚ ਵੱਡੇ ਹੋ ਜਾਂਦੇ ਹਨ ਅਤੇ ਚਿੱਟੇ ਰੰਗ ਦੀ ਉੱਲੀ ਜੰਮ ਜਾਂਦੀ ਹੈ ਬਾਅਦ ਵਿੱਚ ਕਾਲੇ ਰੰਗ ਸਕਲੀਰੋਸ਼ੀਆ ਬਣ ਜਾਂਦੇ ਹਨ ਜੋ ਕਿ ਬਹੁਤ ਸਖਤ ਹੁੰਦੇ ਹਨ। ਇਸ ਤੋਂ ਪ੍ਰਭਾਵਿਤ ਪੌਦੇ ਮੁਰਝਾ ਕੇ ਸੁੱਕ ਜਾਂਦੇ ਹਨ ਅਤੇ ਚਿੱਟੇ ਰੰਗ ਦੇ ਦਿਖਾਈ ਦਿੰਦੇ ਹਨ। ਜੇਕਰ ਪੌਦਾ ਜ਼ਿਆਦਾ ਭਾਰਾ ਹੋਵੇ ਤਾਂ ਇਹ ਜ਼ਖਮੀ ਹੋਏ ਹਿੱਸੇ ਤੋਂ ਟੁੱਟ ਸਕਦਾ ਹੈ। ਕਟਾਈ ਕਰਨ ਤੇ ਇਹ ਸਕਲੀਰੋਸ਼ੀਆ ਮਿੱਟੀ ਵਿੱਚ ਮਿਲ ਜਾਂਦੇ ਹਨ ਅਤੇ ਕਈ ਸਾਲਾਂ ਤੱਕ ਜਿਉਂਦੇ ਰਹਿ ਸਕਦੇ ਹਨ।

**ਰੋਕਥਾਮ** : ਇਸ ਬਿਮਾਰੀ ਦੀ ਰੋਕਥਾਮ ਲਈ 25 ਦਸੰਬਰ ਤੋਂ 15 ਜਨਵਰੀ ਤੱਕ ਸਰ੍ਹੋਂ ਦੀ ਫ਼ਸਲ ਨੂੰ ਪਾਣੀ ਲਾਉਣ ਤੋਂ ਪ੍ਰਹੇਜ਼ ਕਰੋ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 43 ਅੰਕ 52**
**ਮਿਤੀ 27-12-2025**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ


## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।


Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਪਾਣੀ ਦੀ ਸਾਂਭ-ਸੰਭਾਲ ਸਾਡੀ ਤਰਜੀਹ ਹੋਵੇ

ਦੀਪਿਕਾ ਅਰੋੜਾ



ਜਲ ਜੀਵਨ ਦਾ ਆਧਾਰ ਹੈ, ਇਸ ਦੇ ਬਿਨਾਂ ਜਿਊਣ ਦੀ ਕਲਪਨਾ ਥੋੜ੍ਹੀ ਵੀ ਅਸੰਭਵ ਹੈ। ਵੱਧਦੀ ਆਬਾਦੀ ਦੇ ਮੱਦੇਨਜ਼ਰ ਦੇਸ਼ ਦੀ ਮੌਜੂਦਾ ਸਥਿਤੀ ਖੰਗਾਲੀਏ ਤਾਂ ਨਾ ਸਿਰਫ਼ ਲਗਾਤਾਰ ਲਗਾਤਾਰ ਘੱਟਦਾ ਜ਼ਮੀਨ ਹੇਠਲਾ ਪਾਣੀ ਇੱਕ ਡੂੰਘੀ ਚਿੰਤਾ ਬਣ ਕੇ ਉੱਭਰ ਰਿਹਾ ਹੈ ਸਗੋਂ ਰਸਾਇਣਕ ਤੱਤਾਂ ਦੀ ਵੱਧਦੀ ਮਾਤਰਾ ਇਸ ਨੂੰ ਸਿਹਤ ਦੇ ਮੱਦੇਨਜ਼ਰ ਵੀ ਗੈਰ-ਹਿੱਤਕਾਰੀ ਬਣਾ ਰਹੀ ਹੈ।

ਕੇਂਦਰੀ ਭੂਮੀਗਤ ਪਾਣੀ ਬੋਰਡ ਦੀ ਤਾਜ਼ਾ ਰਿਪੋਰਟ ਅਨੁਸਾਰ ਦੇਸ਼ ਦੀ ਕੁੱਲ 6762 ਬਲਾਕਾਂ ਵਿੱਚੋਂ 730 ਗੰਭੀਰ ਸ਼੍ਰੇਣੀ ਵਿੱਚ ਆਉਂਦੇ ਹਨ। ਜ਼ਮੀਨ ਹੇਠਲੇ ਪਾਣੀ ਦੀ ਖਪਤ ਵਿੱਚ ਪੰਜਾਬ ਦਾ ਨਾਂ ਸਭ ਤੋਂ ਉੱਪਰ ਆਉਂਦਾ ਹੈ। ਪੰਜਾਬ ਵਿੱਚ ਜ਼ਮੀਨ ਹੇਠਲੇ ਪਾਣੀ ਦੀ ਨਿਕਾਸੀ 156.36 ਫ਼ੀਸਦੀ ਤੱਕ ਪਹੁੰਚਣ ਦਾ ਖੁਲਾਸਾ ਕਰਦੇ ਹੋਏ ਰਿਪੋਰਟ ਦੱਸਦੀ ਹੈ ਕਿ ਸੂਬੇ ਦੀ ਜ਼ਮੀਨ 'ਤੇ ਹੋਣ ਵਾਲੇ ਜਲ ਰਿਸਾਅ ਤੋਂ ਡੇਢ ਗੁਣਾ ਵੱਧ ਪਾਣੀ ਹਰ ਸਾਲ ਪੰਪਾਂ ਜ਼ਰੀਏ ਬਾਹਰ ਖਿੱਚਿਆ ਜਾ ਰਿਹਾ ਹੈ। ਪੰਜਾਬ ਦੇ ਕੁੱਲ 153 ਬਲਾਕਾਂ ਵਿੱਚ 111 (72.55 ਫ਼ੀਸਦੀ) ਗੰਭੀਰ ਸ਼੍ਰੇਣੀ ਅਧੀਨ ਆਉਂਦੇ ਹਨ। ਕੇਂਦਰੀ ਅਤੇ ਦੱਖਣੀ-ਪੱਛਮੀ ਪੰਜਾਬ ਦਾ ਵੱਡਾ ਹਿੱਸਾ 'ਕ੍ਰਿਟੀਕਲ ਜ਼ੋਨ' ਐਲਾਨਿਆ ਗਿਆ ਹੈ।

ਦਰਅਸਲ, ਪੰਜਾਬ ਵਿੱਚ ਸਿੰਚਾਈ ਦਾ ਵੱਡਾ ਹਿੱਸਾ ਟਿਊਬਵੈੱਲਾਂ 'ਤੇ ਨਿਰਭਰ ਹੈ। ਝੋਨੇ ਵਰਗੀਆਂ ਫ਼ਸਲਾਂ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਜ਼ਿਆਦਾ ਮਾਤਰਾ ਨੇ ਜ਼ਮੀਨ ਹੇਠਲੇ ਪਾਣੀ ਦੀ ਨਿਕਾਸੀ ਕਈ ਗੁਣਾ ਵਧਾ ਦਿੱਤੀ ਹੈ। ਨਤੀਜੇ ਵਜੋਂ ਕਈ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦਾ ਸੰਕਟ ਡੂੰਘਾ ਹੋਣ ਲੱਗਾ ਹੈ। ਜ਼ਮੀਨ ਦੀ ਉਤਪਾਦਕਤਾ ਘੱਟ ਰਹੀ ਹੈ। ਮਹਿੰਗੇ ਟਿਊਬਵੈੱਲ ਲਗਾਉਣ ਨਾਲ ਕਿਸਾਨਾਂ 'ਤੇ ਕਰਜ਼ੇ ਦਾ ਭਾਰ ਵੱਧਿਆ ਹੈ। ਇਹੀ ਸਥਿਤੀ ਘੱਟ-ਵੱਧ ਗੁਆਂਢੀ ਸੂਬਿਆਂ ਦੀ ਵੀ ਹੈ। ਰਾਜਸਥਾਨ 147.11 ਫ਼ੀਸਦੀ ਅਤੇ ਹਰਿਆਣਾ 136.75 ਫ਼ੀਸਦੀ ਦੇ ਨਾਲ, ਦੇਸ਼ ਦੇ ਸਭ ਤੋਂ 'ਓਵਰ ਐਕਸਪਲਾਇਟਿਡ' ਰਾਜਾਂ ਦੀ ਸੂਚੀ ਵਿੱਚ ਆਉਂਦੇ ਹਨ, ਜਦੋਂ ਕਿ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਲਈ ਰਾਸ਼ਟਰੀ ਔਸਤ ਸਿਰਫ਼ 60.63 ਫ਼ੀਸਦੀ ਹੈ। ਹਰਿਆਣਾ ਦੇ 143 ਬਲਾਕਾਂ ਵਿੱਚੋਂ 91 (63.64 ਫ਼ੀਸਦੀ) ਅਤੇ ਰਾਜਸਥਾਨ ਦੇ 213 (70.15 ਫ਼ੀਸਦੀ) ਨੂੰ ਇਸਦੇ 330 ਬਲਾਕਾਂ ਵਿੱਚੋਂ ਨਾਜ਼ੁਕ ਸ਼੍ਰੇਣੀਬੱਧ ਕੀਤਾ ਗਿਆ ਹੈ।

> ਪਾਣੀ ਦਾ ਅਤਿ ਮਹੱਤਵ ਦੇਖਦੇ ਹੋਏ ਇਸ ਨੂੰ ਜੀਵਨ ਵੀ ਕਿਹਾ ਜਾਂਦਾ ਹੈ। ਡਿੱਗਦੇ ਜ਼ਮੀਨ ਹੇਠਲੇ ਪਾਣੀ ਅਤੇ ਦੂਸ਼ਿਤ ਪਾਣੀ ਦਾ ਸਿੱਧਾ ਅਸਰ ਆਮ ਲੋਕਾਂ ਦੀ ਜ਼ਿੰਦਗੀ ਅਤੇ ਸਿਹਤ 'ਤੇ ਬਰਾਬਰ ਪੈਂਦਾ ਦਿਖਾਈ ਦੇ ਰਿਹਾ ਹੈ। ਮਾਹਿਰਾਂ ਦੀ ਰਾਏ ਮੁਤਾਬਕ ਮਾਈਕ੍ਰੋ-ਇਰੀਗੇਸ਼ਨ ਉਤਸ਼ਾਹਿਤ ਕਰਨ, ਉਦਯੋਗਿਕ ਘਰੇਲੂ ਪੱਧਰ 'ਤੇ ਪਾਣੀ ਦੀ ਸਦਵਰਤੋਂ ਅਤੇ ਮੁੜ ਵਰਤੋਂ ਯਕੀਨੀ ਬਣਾਉਣ, ਰਸਾਇਣਕ ਕੀਟਨਾਸ਼ਕ-ਖਾਦ ਨਾ ਵਰਤਣ, ਜੈਵਿਕ ਖੇਤੀ 'ਤੇ ਜ਼ੋਰ ਦੇਣ, ਪਾਣੀ ਦੀ ਚਾਰਜ ਅਤੇ ਦੂਸ਼ਿਤ ਜਲ ਉਪਚਾਰ ਸੰਬੰਧੀ ਪ੍ਰਾਜੈਕਟ ਪ੍ਰਤੀ ਗੰਭੀਰਤਾ ਦਿਖਾਉਣ ਆਦਿ ਨਾਲ ਹੀ ਸਥਿਤੀ ਸੰਭਲ ਸਕਦੀ ਹੈ।

ਇਸ ਸੰਦਰਭ ਵਿੱਚ ਦਿੱਲੀ ਦਾ ਜਾਇਜ਼ਾ ਲਈਏ ਤਾਂ ਇਹ ਵੱਧਦੀ ਆਜ਼ਾਦੀ ਦੇ ਮੱਦੇਨਜ਼ਰ ਨਾਕਾਫੀ ਹੈ ਅਤੇ ਜ਼ਮੀਨ ਹੇਠਲੇ ਪਾਣੀ ਦੀ ਗੁਣਵੱਤਾ ਨੂੰ ਲੈ ਕੇ ਵੀ ਵੱਖ-ਵੱਖ ਰਸਾਇਣਾਂ ਅਤੇ ਪ੍ਰਦੂਸ਼ਕਾਂ ਨਾਲ ਜੂਝ ਰਿਹਾ ਹੈ। ਕੇਂਦਰੀ ਭੂ-ਜਲ ਬੋਰਡ ਦੀ ਤਾਜ਼ਾ ਰਿਪੋਰਟ ਅਨੁਸਾਰ 13 ਤੋਂ 15 ਤੱਕ ਨਮੂਨਿਆਂ ਵਿੱਚ ਯੂਰੇਨੀਅਮ ਦੀ ਮਾਤਰਾ ਕਿਤੇ ਵੱਧ ਪਾਈ ਗਈ। ਮਾਹਿਰਾਂ ਅਨੁਸਾਰ ਦਿੱਲੀ ਦੇ ਪੀਣ ਵਾਲੇ ਪਾਣੀ ਵਿੱਚ ਯੂਰੇਨੀਅਮ ਦੀ ਇੰਨੀ ਵੱਡੀ ਮਾਤਰਾ ਸਿਹਤ ਨੂੰ ਲੈ ਕੇ ਗੰਭੀਰ ਸੰਕਟ ਖੜ੍ਹਾ ਕਰ ਸਕਦੀ ਹੈ। ਇਸ ਦਾ ਸਭ ਤੋਂ ਵੱਧ ਪ੍ਰਭਾਵ ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਮਹਿਲਾਵਾਂ 'ਤੇ ਪੈ ਸਕਦਾ ਹੈ।



2025 ਤੋਂ ਪਹਿਲਾਂ ਅਤੇ ਮਾਨਸੂਨ ਦੇ ਬਾਅਦ ਇਕੱਠੇ ਕੀਤੇ ਗਏ ਨਮੂਨਿਆਂ ਦੀ ਜਾਂਚ ਵਿੱਚ ਇਸ ਸਾਲ ਪ੍ਰਦੂਸ਼ਣ ਦਾ ਪੱਧਰ ਅਤੇ ਦਾਇਰਾ ਦੋਵੇਂ ਵੱਧਦੇ ਨਜ਼ਰ ਆਏ। ਦਿੱਲੀ ਵਿੱਚ ਲਏ ਗਏ 83-86 ਨਮੂਨਿਆਂ ਵਿੱਚ ਲਗਭਗ 24 ਸੈਂਪਲ ਯੂਰੇਨੀਅਮ ਦੀ ਸੁਰੱਖਿਅਤ ਹੱਦ (30 ਪੀ. ਪੀ. ਬੀ.) ਤੋਂ ਉੱਪਰ ਪਾਏ ਗਏ। ਕਈ ਖੇਤਰਾਂ ਵਿੱਚ ਨਾਈਟ੍ਰੇਟ, ਫਲੋਰਾਈਡ, ਸੀਸਾ, ਆਇਰਨ ਅਤੇ ਟੀ. ਡੀ. ਐੱਸ. ਵੀ ਤੈਅ ਮਾਪਦੰਡ ਤੋਂ ਜ਼ਿਆਦਾ ਮਿਲੇ।

ਮਾਹਿਰਾਂ ਅਨੁਸਾਰ ਰਾਜਧਾਨੀ ਵਿੱਚ ਤੇਜ਼ੀ ਨਾਲ ਡਿੱਗ ਰਹੇ ਵਾਟਰ ਲੈਵਲ ਕਾਰਨ ਲੋਕਾਂ ਵਲੋਂ ਡੂੰਘੇ ਟਿਊਬਵੈੱਲ ਅਤੇ ਬੋਰਵੈੱਲ ਦੀ ਵਰਤੋਂ ਕਰਨਾ ਇਸ ਵਿੱਚ ਵੱਡਾ ਕਾਰਨ ਹੈ। ਡੂੰਘਾ ਜ਼ਮੀਨ ਹੇਠਲਾ ਪਾਣੀ ਜਿਹੜੀਆਂ ਚੱਟਾਨਾਂ ਵਿੱਚੋਂ ਹੋ ਕੇ ਆਉਂਦਾ ਹੈ, ਉਨ੍ਹਾਂ ਵਿੱਚ ਕੁਦਰਤੀ ਤੌਰ 'ਤੇ ਯੂਰੇਨੀਅਮ ਅਤੇ ਹੋਰ ਖਣਿਜ ਤੱਤ ਪਾਏ ਜਾਂਦੇ ਹਨ। ਡੂੰਘਾਈ ਵੱਧਦੇ ਹੀ ਪਾਣੀ ਵਿੱਚ ਇਨ੍ਹਾਂ ਤੱਤਾਂ ਦੀ ਮਾਤਰਾ ਵੀ ਵੱਧ ਜਾਂਦੀ ਹੈ। ਦਿੱਲੀ ਦੇ ਅਨੇਕ ਖੇਤਰਾਂ ਵਿੱਚ ਖਣਿਜ ਭਰਪੂਰ ਚੱਟਾਨਾਂ ਮੌਜੂਦ ਹਨ, ਜਿਨ੍ਹਾਂ ਦੇ ਸੰਪਰਕ ਵਿੱਚ ਆਉਣ ਨਾਲ ਪਾਣੀ ਵਿੱਚ ਰੇਡੀਓਧਰਮੀ ਤੱਕ ਘੁਲ ਰਹੇ ਹਨ। ਇਸ ਦੇ ਇਲਾਵਾ ਕਈ ਇਲਾਕਿਆਂ ਵਿੱਚ ਰਸਾਇਣਕ ਰਹਿੰਦ-ਖੂੰਹਦ, ਸੀਵਰੇਜ ਰਿਸਾਅ, ਖੇਤੀ ਵਿੱਚ ਵਰਤੀ ਜਾਣ ਵਾਲੀ ਖਾਦ ਵੀ ਜ਼ਮੀਨ ਹੇਠਲੇ ਪਾਣੀ ਦੀ ਗੁਣਵੱਤਾ ਪ੍ਰਭਾਵਿਤ ਕਰ ਰਹੀ ਹੈ।

ਆਰਸੈਨਿਕ ਨੂੰ ਵਿਸ਼ਵ ਦਾ ਸਭ ਤੋਂ ਖ਼ਤਰਨਾਕ 'ਸਾਈਲੈਂਟ ਕਿੱਲਰ' ਮੰਨਿਆ ਗਿਆ ਹੈ। ਇਸ ਦੀ ਵਰਤੋਂ ਨਾਲ ਚਮੜੀ ਸੰਬੰਧੀ ਰੋਗ ਵਿਸ਼ੇਸ਼ ਤੌਰ 'ਤੇ ਸਕਿੰਨ ਕੈਂਸਰ, ਲੰਗ ਕੈਂਸਰ, ਬਲੈਡਰ ਕੈਂਸਰ, ਦਿਲ ਦੇ ਰੋਗ, ਬੱਚਿਆਂ ਵਿੱਚ ਮਾਨਸਿਕ ਵਿਕਾਸ ਰੁਕਣ ਵਰਗੇ ਬੁਰੇ ਪ੍ਰਭਾਵ ਦੇਖਣ ਨੂੰ ਮਿਲਦੇ ਹਨ। ਇਸੇ ਤਰ੍ਹਾਂ ਪਾਣੀ ਵਿੱਚ ਨਾਈਟ੍ਰੇਟ ਦੀ ਮੌਜੂਦਗੀ ਬਲਿਊ ਬੇਬੀ ਸਿੰਡਰੋਮ ਵਰਗੇ ਸ਼ਿਸ਼ੂ ਰੋਗ ਦੀ ਉਤਪਤੀ ਦਾ ਕਾਰਨ ਬਣ ਸਕਦੀ ਹੈ, ਜੋ ਕਿ ਖੂਨ ਵਿੱਚ ਆਕਸੀਜਨ ਦੀ ਮਾਤਰਾ ਘੱਟ ਹੋਣ 'ਤੇ ਜਾਨਲੇਵਾ ਸਾਬਿਤ ਹੋ ਸਕਦੀ ਹੈ। ਇਸ ਤੋਂ ਇਲਾਵਾ ਸਾਹ ਦੀ ਸਮੱਸਿਆ ਅਤੇ ਕਮਜ਼ੋਰੀ, ਥਕਾਵਟ, ਪਾਚਨ ਤੰਤਰ ਵਿੱਚ ਗੜਬੜ, ਥਾਇਰਾਈਡ, ਕੈਂਸਰ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਯੂਰੇਨੀਅਮ ਜਾਂ ਭਾਰੀ ਧਾਤੂਆਂ ਵਾਲਾ ਪਾਣੀ ਲੰਬੇ ਸਮੇਂ ਤੱਕ ਪੀਣ ਨਾਲ ਇਸ ਦਾ ਸਭ ਤੋਂ ਜ਼ਿਆਦਾ ਬੁਰਾ ਪ੍ਰਭਾਵ ਗੁਰਦਿਆਂ 'ਤੇ ਪੈਂਦਾ ਹੈ। ਇਹ ਕਿਡਨੀ ਦੀ ਫਿਲਟ੍ਰੇਸ਼ਨ ਸਮਰੱਥਾ ਘੱਟ ਕਰਕੇ ਨੇਕਰੋਟਾਕਸਿਸਿਟੀ ਤੱਕ ਲਿਜਾ ਸਕਦਾ ਹੈ। ਯੂਰੇਨੀਅਮ ਅਤੇ ਫਲੋਰਾਈਡ ਦੇ ਸਾਂਝੇ ਪ੍ਰਭਾਵ ਨਾਲ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ, ਇਸ ਨਾਲ ਬੱਚਿਆਂ ਵਿੱਚ ਹੱਡੀਆਂ ਦਾ ਵਿਕਾਸ ਰੁਕ ਸਕਦਾ ਹੈ। ਰੇਡੀਓਧਰਮੀ ਤੱਤ ਹੋਣ ਦੇ ਕਾਰਨ ਲੰਬੇ ਸਮੇਂ ਤੱਕ ਯੂਰੇਨੀਅਮ ਦੇ ਸੰਪਰਕ ਵਿੱਚ ਰਹਿਣ 'ਤੇ ਕੈਂਸਰ ਗ੍ਰਸਤ ਹੋਣ ਦਾ ਜੋਖਮ ਵੱਧਦਾ ਹੈ।

ਪਾਣੀ ਦਾ ਅਤਿ ਮਹੱਤਵ ਦੇਖਦੇ ਹੋਏ ਇਸ ਨੂੰ ਜੀਵਨ ਵੀ ਕਿਹਾ ਜਾਂਦਾ ਹੈ। ਡਿੱਗਦੇ ਜ਼ਮੀਨ ਹੇਠਲੇ ਪਾਣੀ ਅਤੇ ਦੂਸ਼ਿਤ ਪਾਣੀ ਦਾ ਸਿੱਧਾ ਅਸਰ ਆਮ ਲੋਕਾਂ ਦੀ ਜ਼ਿੰਦਗੀ ਅਤੇ ਸਿਹਤ 'ਤੇ ਬਰਾਬਰ ਪੈਂਦਾ ਦਿਖਾਈ ਦੇ ਰਿਹਾ ਹੈ। ਮਾਹਿਰਾਂ ਦੀ ਰਾਏ ਮੁਤਾਬਕ ਮਾਈਕ੍ਰੋ-ਇਰੀਗੇਸ਼ਨ ਉਤਸ਼ਾਹਿਤ ਕਰਨ, ਉਦਯੋਗਿਕ ਘਰੇਲੂ ਪੱਧਰ 'ਤੇ ਪਾਣੀ ਦੀ ਸਦਵਰਤੋਂ ਅਤੇ ਮੁੜ ਵਰਤੋਂ ਯਕੀਨੀ ਬਣਾਉਣ, ਰਸਾਇਣਕ ਕੀਟਨਾਸ਼ਕ-ਖਾਦ ਨਾ ਵਰਤਣ, ਜੈਵਿਕ ਖੇਤੀ 'ਤੇ ਜ਼ੋਰ ਦੇਣ, ਪਾਣੀ ਦੀ ਚਾਰਜ ਅਤੇ ਦੂਸ਼ਿਤ ਜਲ ਉਪਚਾਰ ਸੰਬੰਧੀ ਪ੍ਰਾਜੈਕਟ ਪ੍ਰਤੀ ਗੰਭੀਰਤਾ ਦਿਖਾਉਣ ਆਦਿ ਨਾਲ ਹੀ ਸਥਿਤੀ ਸੰਭਲ ਸਕਦੀ ਹੈ। ਕੁਦਰਤ ਦੀ ਇਸ ਅਮੁੱਲੀ ਜਾਇਦਾਦ ਨੂੰ ਘੱਟਣ ਅਤੇ ਪ੍ਰਦੂਸ਼ਿਤ ਹੋਣ ਤੋਂ ਰੋਕਣਾ ਹੁਣ ਵੀ ਸਾਡੀ ਤਰਜੀਹ ਨਾ ਬਣੀ ਤਾਂ ਕਲਾਂਤਰ ਵਿੱਚ ਮੰਦੇ ਨਤੀਜੇ ਕਈ ਪੀੜ੍ਹੀਆਂ ਭੋਗਣਗੀਆਂ।

ਚੇਪਾ ਸਰ੍ਹੋਂ ਦੀ ਫ਼ਸਲ ਦਾ ਪ੍ਰਮੁੱਖ ਹਾਨੀਕਾਰਕ ਕੀੜਾ ਹੈ । ਸਰ੍ਹੋਂ ’ਤੇ ਇਹ ਆਮ ਤੌਰ ’ਤੇ ਜਨਵਰੀ ਤੋਂ ਲੈ ਕੇ ਅੱਧ ਮਾਰਚ ਤੱਕ ਵਧੇਰੇ ਨੁਕਸਾਨ ਕਰਦਾ ਹੈ । ਇਹ ਪੌਦੇ ਦੀਆਂ ਫੁੱਲਾਂ ਵਾਲੀਆਂ ਸ਼ਾਖਾਵਾਂ ’ਤੇ ਨਜ਼ਰ ਆਉਂਦਾ ਹੈ...









# ਹਾੜ੍ਹੀ ਫ਼ਸਲਾਂ ਨੂੰ ਰੋਗਾਂ ਤੋਂ ਕਿਵੇਂ ਬਚਾਈਏ

ਕਣਕ, ਛੋਲੇ ਤੇ ਤੇਲ-ਬੀਜ ਫ਼ਸਲ ਹਾੜ੍ਹੀ ਦੀਆਂ ਮੁੱਖ ਫ਼ਸਲਾਂ ਹਨ । ਇਨ੍ਹਾਂ ਫ਼ਸਲਾਂ ’ਤੇ ਆਉਣ ਵਾਲੇ ਕੀੜਿਆਂ ਕਾਰਨ ਨੁਕਸਾਨ ਕਾਫ਼ੀ ਜ਼ਿਆਦਾ ਹੁੰਦਾ ਹੈ । ਇਸ ਲਈ ਇਨ੍ਹਾਂ ਦੀ ਸਮੇਂ ਸਿਰ ਰੋਕਥਾਮ ਬਹੁਤ ਜ਼ਰੂਰੀ ਹੈ । ਇਨ੍ਹਾਂ ਕੀੜੇ-ਮਕੌੜਿਆਂ ਦਾ ਸਹੀ ਪ੍ਰਬੰਧਨ ਫ਼ਸਲ ਦੇ ਉਤਪਾਦਨ ਨੂੰ ਵਧਾ ਸਕਦਾ ਹੈ ਤੇ ਗੁਣਵੱਤਾ ਵਿੱਚ ਸੁਧਾਰ ਕਰ ਸਕਦਾ ਹੈ । ਇਸ ਲੇਖ ਵਿੱਚ ਵੱਖ-ਵੱਖ ਕੀੜੇ-ਮਕੌੜਿਆਂ ਅਤੇ ਰੋਕਥਾਮ ’ਤੇ ਗੱਲ ਕੀਤੀ ਗਈ ਹੈ ।

ਗੁਰਪ੍ਰੀਤ ਸਿੰਘ ਮੱਕੜ,
ਰਾਕੇਸ਼ ਕੁਮਾਰ ਸ਼ਰਮਾ

### ਕਣਕ ਦੀ ਫ਼ਸਲ

ਕਣਕ ਦੀ ਫ਼ਸਲ ਨੂੰ ਸੈਨਿਕ ਸੁੰਡੀ ਅਤੇ ਚੇਪੇ ਤੋਂ ਬਚਾਉਣ ਲਈ ਇਹ ਨੁਕਤੇ ਅਪਣਾਉ -

**ਸੈਨਿਕ ਸੁੰਡੀ** : ਇਹ ਸੁੰਡੀ ਕਣਕ ਦੀ ਫ਼ਸਲ ਦੇ ਪੱਤੇ ਅਤੇ ਸਿੱਟੇ ਨੂੰ ਮਾਰਚ-ਅਪ੍ਰੈਲ ਦੇ ਮਹੀਨੇ ਬਹੁਤ ਬੁਰੀ ਤਰ੍ਹਾਂ ਖਾਂਦੀ ਹੈ ।

**ਰੋਕਥਾਮ** : ਇਸ ਦੀ ਰੋਕਥਾਮ ਲਈ 40 ਮਿਲੀਲਿਟਰ ਕੋਰਾਜਨ 18.5



ਐਸਸੀ (ਕਲੋਰਐਂਟਰਾਨਿਲੀਪਰੋਲ) ਜਾਂ 400 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫ਼ਾਸ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ, ਪ੍ਰਤੀ ਏਕੜ ਦੇ ਹਿਸਾਬ ਨੈਪਸੈਕ ਪੰਪ ਨਾਲ ਛਿੜਕਾਅ ਕਰੋ ।

**ਚੇਪਾ** : ਚੇਪੇ ਦੇ ਹਮਲੇ ਨਾਲ ਪੱਤੇ ਪੀਲੇ ਪੈ ਜਾਂਦੇ ਹਨ ਅਤੇ ਸੁੱਕ ਜਾਂਦੇ ਹਨ ।



**ਰੋਕਥਾਮ** : ਜੇਕਰ 5 ਚੇਪੇ ਪ੍ਰਤੀ ਸਿੱਟਾ ਹੋਣ (ਇੱਕ ਏਕੜ ਖੇਤ ਦੇ ਹਰੇਕ ਚਾਰ ਹਿੱਸਿਆਂ ਵਿੱਚੋਂ ਚੁਣੇ 10-10 ਸਿੱਟਿਆਂ ਦੇ ਆਧਾਰ ’ਤੇ) ਤਾਂ ਇਨ੍ਹਾਂ ਦੀ ਰੋਕਥਾਮ ਲਈ 2 ਲਿਟਰ ਘਰ ਬਣਾਏ ਨਿੰਮ ਦਾ ਘੋਲ ਦੇ ਹਫ਼ਤੇ-ਹਫ਼ਤੇ ਦੇ ਵਕਫ਼ੇ ’ਤੇ ਦੋ ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਤਾਇਓ 25 ਡਬਲਯੂ ਜੀ (ਥਾਇਆਮੈਥੋਕਸਮ) ਦਾ ਛਿੜਕਾਅ, 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ । ਚੇਪੇ ਦੀ ਰੋਕਥਾਮ ਸਿੱਟੇ ਪੈਣ ਵੇਲੇ ਕਰੋ ਕਿਉਂਕਿ ਚੇਪੇ ਦਾ ਹਮਲਾ ਪਹਿਲਾਂ ਖੇਤ ਦੇ ਬਾਹਰਲੇ ਹਿੱਸਿਆਂ ’ਤੇ ਹੁੰਦਾ ਹੈ । ਛਿੜਕਾਅ ਸਿਰਫ਼ ਅਜਿਹੇ ਹਮਲੇ ਵਾਲੇ ਹਿੱਸੇ ’ਤੇ ਹੀ ਕਰੋ ਤਾਂ ਕਿ ਚੇਪੇ ਦੇ ਹਮਲੇ ਨੂੰ ਅੱਗੇ ਫੈਲਣ ਤੋਂ ਰੋਕਿਆ ਜਾ ਸਕੇ ।

### ਤੇਲ-ਬੀਜ ਫ਼ਸਲ

ਤੇਲ-ਬੀਜ ਫ਼ਸਲਾਂ ਦਾ ਵੱਧ ਉਤਪਾਦਨ ਹਾਸਲ ਕਰਨ ਲਈ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ ।

**ਸਲੇਟੀ ਸੁੰਡੀ** : ਇਹ ਸੁੰਡੀ ਫ਼ਸਲ ਦੀ ਛੋਟੀ ਅਵਸਥਾ ’ਤੇ ਹਮਲਾ ਕਰਦੀ ਹੈ ਅਤੇ ਵੱਡੀ ਗਿਣਤੀ ਵਿੱਚ ਪੱਤੇ ਖਾ ਕੇ ਨੁਕਸਾਨ ਕਰਦੀ ਹੈ । ਬੂਟਿਆਂ ਨੂੰ ਥੋੜ੍ਹਾ ਜਿਹਾ ਹੀ ਹਿਲਾਉਣ ’ਤੇ ਇਹ ਹੇਠਾਂ ਡਿੱਗ ਜਾਂਦੀਆਂ ਹਨ ਅਤੇ ਕਾਫ਼ੀ ਦੇਰ ਤੱਕ ਇਸੇ ਅਵਸਥਾ ਵਿੱਚ ਪਈਆਂ ਰਹਿੰਦੀਆਂ ਹਨ । ਸ਼ੁਰੂਆਤੀ ਅਵਸਥਾ ਵਿੱਚ ਹਮਲਾ ਹੋਣ ਕਾਰਨ ਕਈ ਵਾਰ ਨੁਕਸਾਨ ਜ਼ਿਆਦਾ ਹੋ ਜਾਂਦਾ ਹੈ ।

**ਰੋਕਥਾਮ** : ਇਸ ਦੀ ਰੋਕਥਾਮ 250 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫਾਸ) ਪ੍ਰਤੀ ਏਕੜ ਦਾ 60 ਤੋਂ 80 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਕੀਤੀ ਜਾ ਸਕਦੀ ਹੈ ।

**ਰਾਇਆ ਦਾ ਚੇਪਾ** : ਚੇਪਾ ਸਰ੍ਹੋਂ ਦੀ ਫ਼ਸਲ ਦਾ ਪ੍ਰਮੁੱਖ ਹਾਨੀਕਾਰਕ ਕੀੜਾ ਹੈ । ਸਰ੍ਹੋਂ ’ਤੇ ਇਹ ਆਮ ਕਰਕੇ ਜਨਵਰੀ ਤੋਂ ਲੈ ਕੇ ਅੱਧ ਮਾਰਚ ਤੱਕ ਵਧੇਰੇ ਨੁਕਸਾਨ ਕਰਦਾ ਹੈ । ਇਹ ਕੀੜਾ ਆਮ ਕਰਕੇ ਸਰ੍ਹੋਂ ਦੀਆਂ ਫੁੱਲਾਂ ਵਾਲੀਆਂ ਸ਼ਾਖਾਵਾਂ ’ਤੇ ਵੱਡੀ ਗਿਣਤੀ ਵਿੱਚ ਝੁੰਡਾਂ ਦੇ ਰੂਪ ਵਿੱਚ ਚਿਪਕਿਆ ਹੋਇਆ ਨਜ਼ਰ ਆਉਂਦਾ ਹੈ ਅਤੇ ਪੱਤੇ, ਫੁੱਲ ਅਤੇ ਫ਼ਲੀਆਂ ਦਾ ਰਸ ਚੂਸਦਾ ਹੈ । ਸਿੱਟੇ ਵਜੋਂ ਬੂਟੇ ਆਕਾਰ ਵਿੱਚ ਛੋਟੇ ਰਹਿ ਜਾਂਦੇ ਹਨ, ਫੁੱਲ ਅਤੇ ਫ਼ਲੀਆਂ ਮੁਰਝਾਅ ਜਾਂਦੇ ਹਨ ਅਤੇ ਫ਼ਲੀਆਂ ਵਿੱਚ ਦਾਣੇ ਵੀ ਪੂਰੀ ਤਰ੍ਹਾਂ ਨਹੀਂ ਬਣਦੇ । ਭਾਰੀ ਹਮਲੇ ਦੀ ਸੂਰਤ ਵਿੱਚ ਫ਼ਸਲ ਮੁਰਝਾਈ ਹੋਈ ਜਾਪਦੀ ਹੈ ਤੇ ਇਸ ਤੋਂ ਝਾੜ ਵੀ ਕੋਈ ਖ਼ਾਸ ਪ੍ਰਾਪਤ ਨਹੀਂ ਹੁੰਦਾ । ਇਸ ਕੀੜੇ ਦੇ ਵਾਧੇ ਲਈ ਘੱਟ ਤਾਪਮਾਨ (ਘੱਟ ਤੋਂ ਘੱਟ 4-120 ਸੈਂਟੀਗ੍ਰੇਡ ਅਤੇ ਵੱਧ ਤੋਂ ਵੱਧ 16-300 ਸੈਂਟੀਗ੍ਰੇਡ) ਤੇ ਔਸਤ ਨਾਲੋਂ ਵੱਧ ਹਵਾ ਵਿੱਚ ਨਮੀ (50-78%) ਕਾਫ਼ੀ ਸਹਾਈ ਹੁੰਦੇ ਹਨ । ਆਮ ਤੌਰ ’ਤੇ ਚੇਪੇ ਦਾ ਹਮਲਾ ਜਨਵਰੀ ਦੇ ਅੱਧ ਵਿੱਚ ਜ਼ਿਆਦਾ ਹੁੰਦਾ ਹੈ । ਇਸ ਲਈ ਜਨਵਰੀ ਦੇ ਪਹਿਲੇ ਹਫ਼ਤੇ ਤੋਂ ਬੂਟਿਆਂ ਤੇ ਇਸ ਦੀ ਗਿਣਤੀ ਬਾਰੇ ਸੁਚੇਤ ਹੋਣ ਦੀ ਲੋੜ ਹੈ । ਇਸ ’ਤੇ ਕਾਬੂ ਪਾਉਣ ਦੇ ਢੰਗ ਅਤੇ ਸਮੇਂ ਬਾਰੇ ਫ਼ੈਸਲਾ ਕਰਨ ਲਈ ਲਗਾਤਾਰ,



ਦਿੱਤੇ ਗਏ ਸਮੇਂ ਦੇ ਵਕਫ਼ੇ ਅਨੁਸਾਰ ਪੌਦਿਆਂ ’ਤੇ ਇਸ ਦੀ ਗਿਣਤੀ ਕਰਦੇ ਰਹਿਣਾ ਚਾਹੀਦਾ ਹੈ ।

**ਰੋਕਥਾਮ** : ਇਸ ਦੀ ਰੋਕਥਾਮ ਐਕਟਾਰਾ 25 ਡਬਲਯੂ ਜੀ (ਥਾਇਆਮੈਥੋਕਸਮ) 40 ਗ੍ਰਾਮ ਜਾਂ 400 ਮਿਲੀਲਿਟਰ ਮੈਟਾਸਿਸਟਾਕਸ 25 ਈ ਸੀ (ਔਕਸੀਡੈਮੀਟੋਨ ਮੀਥਾਈਲ) ਜਾਂ 400 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਜਾਂ ਡਰਸਬਾਨ/ਕੋਰੋਬਾਨ 20 ਈ ਸੀ (ਕਲੋਰਪਾਈਰੀਫਾਸ) 600 ਮਿਲੀਲਿਟਰ ਪ੍ਰਤੀ ਏਕੜ ਦਾ 80 ਤੋਂ 125 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਕੀਤੀ ਜਾ ਸਕਦੀ ਹੈ ।

ਫ਼ਸਲ ਦੀ ਬਿਜਾਈ ਅਗੇਤੀ ਕਰੋ । ਹੋ ਸਕੇ ਤਾਂ ਅਕਤੂਬਰ ਦੇ ਤੀਜੇ ਹਫ਼ਤੇ ਤੱਕ ਬਿਜਾਈ ਹੋ ਜਾਣੀ ਚਾਹੀਦੀ ਹੈ ।

ਬਾਕੀ ਸਫਾ 6 ’ਤੇ

ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਸਪਤਾਹਿਕ ਪਟਿਆਲਾ
ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ




12 ਨਹੀਂ 24 ਨਹੀਂ
ਹਰ ਹਫਤੇ ਪ੍ਰਕਾਸ਼ਿਤ ਹੋਣ ਵਾਲਾ 52 ਅੰਕ




ਦਿੱਲੀ ਦੀ ਹਵਾ, ਹੁਣ ਸਿਰਫ਼ ਪ੍ਰਦੂਸ਼ਿਤ ਨਹੀਂ ਹੈ, ਉਹ ਸਾਡੇ ਸਮੇਂ ਦੀ ਸਭ ਤੋਂ ਵੱਡੀ ਚੁੱਪਚਾਪ ਫੈਲਦੀ ਹੋਈ ਆਫਤ ਬਣ ਚੁੱਕੀ ਹੈ। ਇਹ ਸੰਕਟ ਅਚਾਨਕ ਨਹੀਂ ਆਇਆ ਸਗੋਂ ਸਾਲਾਂ ਦੀ ਲਾਪ੍ਰਵਾਹੀ, ਗਲਤ ਤਰਜੀਹਾਂ ਅਤੇ ਅੱਧੇ-ਅਧੂਰੇ ਹੱਲਾਂ ਦਾ ਨਤੀਜਾ ਹੈ। ਹਰ ਸਰਦੀ ਵਿੱਚ ਜਦੋਂ ਸਮੋਗ ਦੀ ਮੋਟੀ ਪਰਤ ਰਾਜਧਾਨੀ ਨੂੰ ਢੱਕ ਲੈਂਦੀ ਹੈ ਉਦੋਂ ਅਸੀਂ ਕੁਝ ਦਿਨਾਂ ਲਈ ਚਿੰਤਿਤ ਹੁੰਦੇ ਹਾਂ, ਫਿਰ ਹਾਲਾਤ ਆਮ ਦਿਸਣ ਲੱਗਦੇ ਹਨ ਅਤੇ ਅਸੀਂ ਮੰਨ ਲੈਂਦੇ ਹਾਂ ਕਿ ਸਮੱਸਿਆ ਟਲ ਗਈ ਹੈ ਪਰ ਸੱਚ ਇਹ ਹੈ ਕਿ ਸਮੱਸਿਆ ਕਿਤੇ ਨਹੀਂ ਜਾਂਦੀ, ਉਹ ਸਾਡੇ ਫੇਫੜਿਆਂ ਵਿੱਚ ਜਮ੍ਹਾ ਹੁੰਦੀ ਰਹਿੰਦੀ ਹੈ।

ਦਿੱਲੀ ਦੇ ਪ੍ਰਦੂਸ਼ਣ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਇਹ ਸਵੀਕਾਰ ਕਰਨਾ ਹੋਵੇਗਾ ਕਿ ਇਸ ਦਾ ਕੋਈ ਇੱਕ ਕਾਰਨ ਨਹੀਂ ਹੈ, ਇਹ ਕਈ ਸੋਮਿਆਂ ਤੋਂ ਪੈਦਾ ਹੋਇਆ ਇੱਕ ਮਿਲਿਆ-ਜੁਲਿਆ ਸੰਕਟ ਹੈ। ਵਾਹਨਾਂ ਦੀ ਗੱਲ ਕਰੀਏ ਤਾਂ ਦਿੱਲੀ ਐਨ. ਸੀ. ਆਰ. ਵਿੱਚ ਰਜਿਸਟਰਡ ਵਾਹਨਾਂ ਦੀ ਗਿਣਤੀ 1.2 ਕਰੋੜ ਤੋਂ ਵੱਧ ਹੈ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਡੀਜਲ ਆਧਾਰਿਤ ਹੈ ਜੋ ਪੀ. ਡੀ. 2.5 ਅਤੇ ਨਾਈਟ੍ਰੋਜਨ ਆਕਸਾਈਡ ਵਰਗੇ ਘਾਤਕ ਪ੍ਰਦੂਸ਼ਣ ਛੱਡਦੀ ਹੈ। ਇਸ ਤੋਂ ਇਲਾਵਾ ਰੋਜ਼ਾਨਾ ਲਗਭਗ 10-12 ਲੱਖ ਵਾਹਨ ਦਿੱਲੀ ਵਿੱਚ ਬਾਹਰੋਂ ਦਾਖਲ ਹੁੰਦੇ ਹਨ। ਇਹ ਗਿਣਤੀ ਕਿਸੇ ਵੀ ਮਹਾਨਗਰ ਲਈ ਗੈਰ-ਸਾਧਾਰਨ ਹੈ ਅਤੇ ਇਹੀ ਕਾਰਨ ਹੈ ਕਿ ਸੜਕ ਟਰਾਂਸਪੋਰਟ ਦਿੱਲੀ ਦੇ ਕੁੱਲ ਪ੍ਰਦੂਸ਼ਣ ਵਿੱਚ ਲਗਭਗ 30 ਫ਼ੀਸਦੀ ਤੱਕ ਯੋਗਦਾਨ ਦਿੰਦਾ ਹੈ।



ਨਿਰਮਾਣ ਸਰਗਰਮੀਆਂ ਦੂਜਾ ਵੱਡਾ ਕਾਰਨ ਹੈ। ਦਿੱਲੀ ਇੱਕ ਅਜਿਹਾ ਸ਼ਹਿਰ ਬਣ ਚੁੱਕਾ ਹੈ ਜੋ ਲਗਾਤਾਰ ਖੁਦ ਨੂੰ ਤੋੜ ਕੇ ਫਿਰ ਤੋਂ ਬਣਾ ਰਿਹਾ ਹੁੰਦਾ ਹੈ। ਫਲਾਈਓਵਰ, ਮੈਟਰੋ ਵਿਸਥਾਰ, ਹਾਊਸਿੰਗ ਪ੍ਰਜੈਕਟਸ ਅਤੇ ਕਾਰੋਬਾਰੀ ਕੰਪਲੈਕਸਾਂ ਕਾਰਨ ਉੱਡਣ ਵਾਲੀ ਧੂੜ ਪੀ. ਡੀ. 10 ਦਾ ਮੁੱਖ ਸਰੋਤ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜਿਆਂ ਅਨੁਸਾਰ ਸ਼ਹਿਰੀ ਧੂੜ ਦਿੱਲੀ ਦੇ ਪ੍ਰਦੂਸ਼ਣ ਵਿੱਚ ਲੱਗਭਗ 15.20 ਫ਼ੀਸਦੀ ਤੱਕ ਯੋਗਦਾਨ ਦਿੰਦੀ ਹੈ। ਨਿਯਮਾਂ ਦੇ ਬਾਵਜੂਦ ਜ਼ਿਆਦਾਤਰ ਨਿਰਮਾਣ ਸਥਲ ਖੁੱਲ੍ਹੇ ਰਹਿੰਦੇ ਹਨ, ਜਿੱਥੇ ਨਾ ਤਾਂ ਪਾਣੀ ਦਾ ਛਿੜਕਾਅ ਨਿਯਮਿਤ ਹੁੰਦਾ ਹੈ ਅਤੇ ਨਾ ਹੀ ਧੂੜ ਰੋਕਣ ਦੀਆਂ ਆਧੁਨਿਕ ਤਕਨੀਕਾਂ ਦੀ ਵਰਤੋਂ।

ਇਸ ਸਿਲਸਿਲੇ ਵਿੱਚ ਉਦਯੋਗਿਕ ਪ੍ਰਦੂਸ਼ਣ ਨੂੰ ਅਕਸਰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਦਿੱਲੀ ਅਤੇ ਆਸਪਾਸ ਦੇ ਖੇਤਰਾਂ ਵਿੱਚ ਹਜ਼ਾਰਾਂ ਛੋਟੀਆਂ ਉਦਯੋਗਿਕ ਇਕਾਈਆਂ ਹਨ ਜੋ ਕੋਲਾ ਫਰਨੇਸ ਆਇਲ ਅਤੇ ਹੋਰ ਪ੍ਰਦੂਸ਼ਣਕਾਰੀ ਈਂਧਨਾਂ ਦੀ ਵਰਤੋਂ ਕਰਦੀਆਂ ਹਨ। ਇੱਟ-ਭੱਠੇ, ਪਲਾਸਟਿਕ ਸਾੜਨਾ, ਨਜਾਇਜ਼ ਫੈਕਟਰੀਆਂ ਅਤੇ ਕਚਰੇ ਦਾ ਖੁੱਲ੍ਹੇ ਵਿੱਚ ਸਾੜਨਾ ਇਹ ਸਭ ਮਿਲ ਕੇ ਹਵਾ ਨੂੰ ਹੋਰ ਜ਼ਹਿਰੀਲਾ ਬਣਾਉਂਦੇ ਹਨ। ਵੱਖ-ਵੱਖ ਅਧਿਐਨਾਂ ਵਿੱਚ ਪਾਇਆ ਗਿਆ ਕਿ ਉਦਯੋਗ ਅਤੇ ਊਰਜਾ ਉਤਪਾਦਨ ਨਾਲ ਜੁੜੇ ਸਰੋਤ ਦਿੱਲੀ ਦੇ ਪ੍ਰਦੂਸ਼ਣ ਵਿੱਚ ਲੱਗਭਗ 15 ਫ਼ੀਸਦੀ ਤੱਕ ਹਿੱਸੇਦਾਰੀ ਰੱਖਦੇ ਹਨ।

ਇਸ ਸਭ ਦੇ ਵਿਚਾਲੇ ਪਰਾਲੀ ਸਾੜਨ ਦਾ ਮੁੱਦਾ ਹਰ ਸਾਲ ਚਰਚਾ ਦੇ ਕੇਂਦਰ ਵਿੱਚ ਆਉਂਦਾ ਹੈ। ਵਿਗਿਆਨਿਕ ਅਧਿਐਨਾਂ ਅਨੁਸਾਰ ਅਕਤੂਬਰ, ਨਵੰਬਰ ਦੌਰਾਨ ਦਿੱਲੀ ਦੇ ਪ੍ਰਦੂਸ਼ਣ ਵਿੱਚ ਪਰਾਲੀ ਦਾ ਯੋਗਦਾਨ ਔਸਤਨ 20 ਤੋਂ 35 ਫ਼ੀਸਦੀ ਦੇ ਵਿਚਾਲੇ ਰਹਿੰਦਾ ਹੈ। ਕੁੱਝ ਸਿਖਰਲੇ ਦਿਨਾਂ ਵਿੱਚ ਜਦੋਂ ਹਵਾ ਦੀ ਦਿਸ਼ਾ ਉਲਟ ਹੁੰਦੀ ਹੈ, ਇਹ ਯੋਗਦਾਨ 40 ਫ਼ੀਸਦੀ ਤੱਕ ਪਹੁੰਚ ਜਾਂਦਾ ਹੈ ਪਰ ਇਹ ਵੀ ਓਨਾ ਵੱਡਾ ਸੱਚ ਹੈ ਕਿ ਸਾਲ ਦੇ ਬਾਕੀ ਮਹੀਨਿਆਂ ਵਿੱਚ ਜਦੋਂ ਪਰਾਲੀ ਨਹੀਂ ਸਾੜੀ ਜਾਂਦੀ ਉਦੋਂ ਵੀ ਦਿੱਲੀ ਦੀ ਹਵਾ ਖਰਾਬ ਹੀ ਰਹਿੰਦੀ ਹੈ। ਇਸ ਤੋਂ ਸਾਫ ਹੈ ਕਿ ਪਰਾਲੀ ਇੱਕ ਅਹਿਮ ਕਾਰਨ ਹੈ ਪਰ ਉਸ ਨੂੰ ਪੂਰੇ ਸੰਕਟ ਦਾ ਦੋਸ਼ੀ ਠਹਿਰਾਉਣਾ ਇੱਕ ਆਸਾਨ ਪਰ ਅਧੂਰਾ ਤਰਕ ਹੈ। ਇਨ੍ਹਾਂ ਤਮਾਮ ਕਾਰਨਾਂ ਦਾ ਨਤੀਜਾ ਇਹ ਹੈ ਕਿ ਦਿੱਲੀ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿੱਚ ਲਗਾਤਾਰ ਸਿਖਰ 'ਤੇ ਬਣੀ ਹੋਈ ਹੈ।

ਇਸ ਪ੍ਰਦੂਸ਼ਣ ਦਾ ਅਸਰ ਹੁਣ ਅੰਕੜਿਆਂ ਤੋਂ ਅੱਗੇ ਵੱਧ ਕੇ ਇਨਸਾਨੀ ਸਰੀਰ 'ਤੇ ਸਾਫ ਦਿਸਣ ਲੱਗਾ ਹੈ। ਦਿੱਲੀ ਵਿੱਚ ਹਰ ਸਾਲ ਲੱਖਾਂ ਲੋਕ ਸਾਹ ਸੰਬੰਧੀ ਬਿਮਾਰੀਆਂ ਦਾ ਇਲਾਜ ਕਰਵਾਉਂਦੇ ਹਨ। ਹਾਰਟ ਅਟੈਕ ਅਤੇ ਸਟਰੋਕ ਦੇ ਮਾਮਲਿਆਂ ਵਿੱਚ ਵੀ ਪ੍ਰਦੂਸ਼ਣ ਦੀ ਭੂਮਿਕਾ ਨੂੰ ਹੁਣ ਵਿਗਿਆਨਿਕ ਤੌਰ ਵਿੱਚ ਸਵੀਕਾਰ ਕੀਤਾ ਜਾ ਚੁੱਕਾ ਹੈ ਪਰ ਸਭ ਤੋਂ ਭਿਆਨਕ ਅਸਰ ਬੱਚਿਆਂ 'ਤੇ ਪੈ ਰਿਹਾ ਹੈ। ਹਾਲੀਆ ਮੈਡੀਕਲ ਰਿਸਰਚ ਵਿਚ ਇਹ ਸਾਹਮਣੇ ਆਇਆ ਹੈ ਕਿ ਦਿੱਲੀ ਦੇ ਕਈ ਬੱਚਿਆਂ ਦੇ ਫੇਫੜਿਆਂ ਵਿੱਚ ਅਜਿਹੇ ਪੈਚ ਦੇਖੇ ਗਏ ਹਨ ਜੋ ਕੋਵਿਡ ਦੇ ਬਾਅਦ ਦਿਖਾਈ ਦੇਣ ਵਾਲੇ ਫੇਫੜਿਆਂ ਦੇ ਨੁਕਸਾਨ ਨਾਲ ਮਿਲਦੇ-ਜੁਲਦੇ ਹਨ। ਫਰਕ ਸਿਰਫ਼ ਇੰਨਾ ਹੈ ਕਿ ਇੱਥੇ ਕਾਰਨ ਇਨਫੈਕਸ਼ਨ ਨਹੀਂ ਸਗੋਂ ਲਗਾਤਾਰ ਜ਼ਹਿਰੀਲੀ ਹਵਾ ਵਿੱਚ ਸਾਹ ਲੈਣਾ ਹੈ।

ਬੱਚਿਆਂ ਦੇ ਸਰੀਰ 'ਤੇ ਇਸ ਦਾ ਅਸਰ ਇਸ ਲਈ ਵੀ ਜ਼ਿਆਦਾ ਗੰਭੀਰ ਹੈ ਕਿਉਂਕਿ ਉਨ੍ਹਾਂ ਦੇ ਫੇਫੜੇ ਅਤੇ ਪ੍ਰਤੀ ਰੱਖਿਆ ਤੰਤਰ ਅਜੇ ਵਿਕਸਤ ਹੋ ਰਹੇ ਹੁੰਦੇ ਹਨ। ਸੋਧਾਂ ਦੱਸਦੀਆਂ ਹਨ ਕਿ ਪ੍ਰਦੂਸ਼ਿਤ ਹਵਾ ਵਿੱਚ ਪਲੇ-ਵਧੇ ਬੱਚਿਆਂ ਦੇ ਫੇਫੜਿਆਂ ਦੀ ਸਮਰੱਥਾ ਆਮ ਬੱਚਿਆਂ ਦੀ ਤੁਲਨਾ ਵਿੱਚ 10.20 ਫ਼ੀਸਦੀ ਘੱਟ ਹੋ ਸਕਦੀ ਹੈ। ਇਸ ਦਾ ਅਸਰ ਸਿਰਫ਼ ਉਨ੍ਹਾਂ ਦੀ ਸਿਹਤ 'ਤੇ ਨਹੀਂ ਸਗੋਂ ਉਨ੍ਹਾਂ ਦੀ ਸਿੱਖਣ ਦੀ ਸਮਰੱਥਾ, ਸਰੀਰਕ ਵਿਕਾਸ ਅਤੇ ਭਵਿੱਖ ਦੀ ਉਤਪਾਦਕਾਂ 'ਤੇ ਵੀ ਪੈਂਦਾ ਹੈ। ਇਹ ਇੱਕ ਅਜਿਹਾ ਨੁਕਸਾਨ ਹੈ ਜਿਸ ਦੀ ਪੂਰਤੀ ਸਾਲਾਂ ਬਾਅਦ ਵੀ ਮੁਸ਼ਕਲ ਹੁੰਦੀ ਹੈ।

ਹਾਲਾਂਕਿ ਦਿੱਲੀ ਸਰਕਾਰ ਨੇ ਪ੍ਰਦੂਸ਼ਣ ਰੋਕਣ ਲਈ ਕਈ ਕਦਮ ਚੁੱਕੇ ਹਨ-ਗ੍ਰੈਪ ਰਹਿਤ ਹੰਗਾਮੀ ਪਾਬੰਦੀਆਂ, ਓਡ-ਈਵਨ ਯੋਜਨਾ, ਸਕੂਲਾਂ ਦਾ ਅਸਥਾਈ ਤੌਰ 'ਤੇ ਬੰਦ ਹੋਣਾ, ਨਿਰਮਾਣ ਕਾਰਜਾਂ 'ਤੇ ਰੋਕ ਅਤੇ ਇਲੈਕਟ੍ਰਿਕ ਵਾਹਨਾਂ ਨੂੰ ਉਤਸ਼ਾਹ ਦੇਣਾ ਆਦਿ ਇਹ ਸਾਰੇ ਕਦਮ ਦਿਖਾਉਂਦੇ ਹਨ ਕਿ ਸਮੱਸਿਆ ਨੂੰ ਸਵੀਕਾਰ ਕੀਤਾ ਗਿਆ ਹੈ।

ਪਰ ਸਵਾਲ ਇਹ ਹੈ ਕਿ ਕੀ ਇਹ ਉਪਾਅ ਕਾਫੀ ਹਨ। ਸੱਚ ਤਾਂ ਇਹ ਹੈ ਕਿ ਇਹ ਜ਼ਿਆਦਾਤਰ ਪ੍ਰਤੀਕਿਰਿਆਤਮਕ ਕਦਮ ਹਨ, ਨਾ ਕਿ ਨਿਵਾਰਕ ਕਿਉਂਕਿ ਸਾਲਾਂ ਤੋਂ ਦਿੱਲੀ ਵਿੱਚ ਪ੍ਰਦੂਸ਼ਣ ਦੀ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ।

ਅਜਿਹੇ ਹਾਲਾਤ ਵਿੱਚ ਸਾਨੂੰ ਦੁਨੀਆ ਦੇ ਉਨ੍ਹਾਂ ਸ਼ਹਿਰਾਂ ਤੋਂ ਸਿੱਖਣ ਦੀ ਲੋੜ ਹੈ ਜਿਨ੍ਹਾਂ ਨੇ ਕਦੇ ਅਜਿਹੇ ਹੀ ਸੰਕਟ ਦਾ ਸਾਹਮਣਾ ਕੀਤਾ ਸੀ। ਲੰਡਨ ਦਾ ਗ੍ਰੇਟ ਸਮੋਗ 1952 ਇੱਕ ਇਤਿਹਾਸਕ ਉਦਾਹਰਣ ਹੈ ਜਿਸ ਨੇ ਉੱਥੋਂ ਦੀ ਸਰਕਾਰ ਨੂੰ ਕਲੀਨ ਏਅਰ ਐਕਟ ਲਿਆਉਣ 'ਤੇ ਮਜ਼ਬੂਰ ਕੀਤਾ। ਅੱਜ ਲੰਡਨ ਦੀ ਹਵਾ ਦਿੱਲੀ ਤੋਂ ਕਿਤੇ ਬਿਹਤਰ ਹੈ।

ਇਸ ਤਰ੍ਹਾਂ ਬੀਜਿੰਗ ਨੇ ਪਿਛਲੇ ਦਹਾਕੇ ਵਿੱਚ ਆਪਣੇ ਪ੍ਰਦੂਸ਼ਣ ਪੱਧਰ ਨੂੰ 40 ਫ਼ੀਸਦੀ ਤੱਕ ਘੱਟ ਕੀਤਾ ਹੈ। ਉਨ੍ਹਾਂ ਨੇ ਕੋਲੇ ਨਾਲ ਚੱਲਣ ਵਾਲੇ ਬਿਜਲੀ ਪਲਾਂਟਾਂ ਨੂੰ ਸ਼ਹਿਰ ਵਿੱਚੋਂ ਬਾਹਰ ਕੀਤਾ ਹੈ, ਇਲੈਕਟ੍ਰਿਕ ਵਾਹਨਾਂ ਨੂੰ ਜ਼ਰੂਰੀ ਪੱਧਰ 'ਤੇ ਉਤਸ਼ਾਹ ਦਿੱਤਾ ਆਦਿ। ਦਿੱਲੀ ਵਿੱਚ ਵੀ ਇਨ੍ਹਾਂ ਉਪਾਵਾਂ 'ਤੇ ਕੰਮ ਕਰ ਕੇ ਪ੍ਰਦੂਸ਼ਣ ਦੀ ਸਮੱਸਿਆ 'ਤੇ ਨਿਜਾਤ ਪਾਈ ਜਾ ਸਕਦੀ ਹੈ। ਅਜਿਹੇ ਹਾਲਾਤ ਵਿੱਚ ਦਿੱਲੀ ਦਾ ਪ੍ਰਦੂਸ਼ਣ ਹੁਣ ਸਿਰਫ਼ ਚੌਗਿਰਦੇ ਦਾ ਮੁੱਦਾ ਨਹੀਂ ਰਹਿ ਗਿਆ ਹੈ ਸਗੋਂ ਰਾਸ਼ਟਰੀ ਸਿਹਤ ਅਤੇ ਆਰਥਿਕ ਸਥਿਰਤਾ ਦਾ ਵੀ ਸਵਾਲ ਬਣ ਚੁੱਕਾ ਹੈ।

- ਡਾ. ਨੀਲਮ ਮਹੇਂਦਰ

ਬਾਕੀ ਸਫਾ 5 ਦੀ

# ਹਾੜ੍ਹੀ ਫ਼ਸਲਾਂ ਨੂੰ ਰੋਗਾਂ ਤੋਂ ਕਿਵੇਂ ਬਚਾਈਏ

ਖਾਦਾਂ ਦੀ ਸਿਫ਼ਾਰਿਸ਼ ਕੀਤੀ ਮਿਕਦਾਰ ਹੀ ਪਾਓ।

ਕੀਟ-ਨਾਸ਼ਕ ਦਵਾਈਆਂ ਦੀ ਵਰਤੋਂ ਕੀੜਿਆਂ ਦੀ ਪੌਦਿਆਂ ਉੱਤੇ ਗਿਣਤੀ ਤੇ ਉਨ੍ਹਾਂ ਦੇ ਨੁਕਸਾਨ ਕਰਨ ਦੀ ਸਮਰੱਥਾ ਦੇ ਆਧਾਰ 'ਤੇ ਕਰੋ। ਇਸ ਦਾ ਅੰਦਾਜ਼ਾ ਹੇਠ ਲਿਖੇ ਢੰਗਾਂ ਨਾਲ ਲਾਇਆ ਜਾ ਸਕਦਾ ਹੈ।

ਇੱਕ ਏਕੜ ਰਕਬੇ ਵਿੱਚੋਂ 12 ਤੋਂ 16 ਬੂਟੇ ਜੋ ਕਿ ਖੇਤ ਵਿੱਚ, ਇੱਕ ਦੂਜੇ ਤੋਂ ਦੂਰ-ਦੂਰ ਹੋਣ, ਹਫ਼ਤੇ ਵਿੱਚ ਦੋ ਵਾਰ ਚੁਣੋ। ਇਹ ਕੰਮ ਜਨਵਰੀ ਦੇਪਹਿਲੇ ਹਫ਼ਤੇ ਤੋਂ ਸ਼ੁਰੂ ਕਰ ਦਿਉ। ਜੇਕਰ ਪੌਦੇ ਦੀ ਵਿਚਕਾਰਲੀ ਸ਼ਾਖ ਦੇ ਸਿਰੇ 'ਤੇ ਚੇਪੇ ਦੀ ਗਿਣਤੀ 50 ਤੋਂ 60 ਪ੍ਰਤੀ 10 ਸੈਂਟੀਮੀਟਰ ਹਿੱਸੇ 'ਤੇ ਹੋਵੇ ਤਾਂ ਛਿੜਕਾਅ ਕਰਨਾ ਚਾਹੀਦਾ ਹੈ। ਜਾਂ ਜਦੋਂ ਬੂਟੇ ਦੀ ਵਿਚਕਾਰਲੀ ਸ਼ਾਖ ਦਾ ਸਿਰਾ 0.5 ਤੋਂ 1.0 ਸੈਂਟੀਮੀਟਰ ਚੇਪੇ ਨਾਲ ਢੱਕਿਆ ਜਾਵੇ ਜਾਂ ਫਿਰ ਜਦੋਂ 40 ਤੋਂ 50 ਪ੍ਰਤੀਸ਼ਤ ਪੌਦਿਆਂ 'ਤੇ ਚੇਪਾ ਨਜ਼ਰ ਆਵੇ (ਇਸ ਲਈ ਪ੍ਰਤੀ ਏਕੜ 100 ਪੌਦਿਆਂ ਦੀ ਪਰਖ ਕਰੋ)। ਜਦੋਂ ਕੀੜਿਆਂ ਦੀ ਗਿਣਤੀ ਉੱਪਰ ਦਿੱਤੇ ਪੱਧਰਾਂ 'ਤੇ ਪਹੁੰਚ ਜਾਵੇ ਤਾਂ ਹੇਠ ਲਿਖੀਆਂ ਕੀਟਨਾਸ਼ਕਾਂ ਦਵਾਈਆਂ ਦੀ ਵਰਤੋਂ ਨਾਲ ਚੇਪੇ ਦੀ ਰੋਕਥਾਮ ਹੋ ਸਕਦੀ ਹੈ। ਜੇਕਰ ਕੀੜਿਆਂ ਦੀ ਗਿਣਤੀ ਦੁਬਾਰਾ ਉੱਪਰ ਲਿਖੇ ਪੱਧਰ ਤੱਕ ਪਹੁੰਚ ਜਾਵੇ ਤਾਂ ਸਮੇਂ-ਸਮੇਂ 'ਤੇ ਛਿੜਕਾਅ ਦੁਬਾਰਾ ਕੀਤਾ ਜਾਣਾ ਚਾਹੀਦਾ ਹੈ।

ਕੀਟਨਾਸ਼ਕਾਂ ਦਾ ਛਿੜਕਾਅ ਦੁਪਹਿਰ ਤੋਂ ਬਾਅਦ ਹੀ ਕਰਨਾ ਚਾਹੀਦਾ ਹੈ ਜਦੋਂ ਪਰ-ਪ੍ਰਾਂਗਣ ਕਿਰਿਆ ਕਰਨ ਵਾਲੇ ਕੀੜੇ-ਮਕੌੜੇ ਘੱਟ ਹਰਕਤ ਵਿੱਚ ਹੁੰਦੇ ਹਨ।

**ਛੋਲਿਆਂ ਦੀ ਖੇਤੀ :** ਛੋਲਿਆਂ ਦੀ ਫ਼ਸਲ ਦਾ ਜ਼ਿਆਦਾ ਉਤਪਾਦਨ ਲੈਣ ਲਈ ਹੇਠ ਲਿਖੇ ਕਦਮ ਚੁੱਕਣ ਦੀ ਜ਼ਰੂਰਤ ਹੈ-

**ਛੋਲਿਆਂ ਦੀ ਸੁੰਡੀ :** ਇਹ ਸੁੰਡੀ ਛੋਲਿਆਂ ਦੇ ਪੱਤੇ, ਡੋਡੀਆਂ, ਫੁੱਲ, ਡੰਡੇ ਅਤੇ ਦਾਣਿਆਂ ਨੂੰ ਖਾਂਦੀ ਹੈ, ਜਿਸ ਕਾਰਨ ਫ਼ਸਲ ਦਾ ਕਾਫ਼ੀ ਨੁਕਸਾਨ ਹੁੰਦਾ ਹੈ। ਇਸ ਦੇ ਹਮਲੇ ਦਾ ਪਤਾ ਨੁਕਸਾਨ ਵਾਲੇ ਪੱਤਿਆਂ, ਡੋਡੀਆਂ ਵਿੱਚ ਮੋਰੀਆਂ, ਬੂਟਿਆਂ ਹੇਠਾਂ ਜ਼ਮੀਨ ਉੱਤੇ ਗੂੜ੍ਹੇ ਹਰੇ ਰੰਗ ਦੀਆਂ ਬਿੱਠਾਂ ਤੋਂ ਲੱਗਦਾ ਹੈ। ਜੇਕਰ ਹਮਲੇ ਵਾਲੇ ਬੂਟੇ ਨੂੰ ਜ਼ੋਰ ਨਾਲ ਹਿਲਾਇਆ ਜਾਵੇ ਤਾਂ ਇਹ ਸੁੰਡੀਆਂ ਬੂਟੇ ਤੋਂ ਹੇਠਾਂ ਜ਼ਮੀਨ 'ਤੇਡਿੱਗ ਪੈਂਦੀਆਂ ਹਨ। ਇਸ ਦਾ ਹਮਲਾ ਕਣਕ ਪੱਕਣ ਵੇਲੇ ਸਿੱਟਿਆਂ ਵਿੱਚ ਦਾਣਿਆਂ 'ਤੇ ਹੁੰਦਾ ਹੈ।



**ਰੋਕਥਾਮ :** ਇਸ 'ਤੇ ਕਾਬੂ ਪਾਉਣ ਲਈ 800 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫ਼ਾਸ) ਨੂੰ 100 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਛਿੜਕਾਅ ਕਰੋ।

**ਤਣੇ ਦੀ ਗੁਲਾਬੀ ਸੁੰਡੀ :** ਇਸ ਦੀਆਂ ਸੁੰਡੀਆਂ ਛੋਟੇ ਬੂਟਿਆਂ ਦੇ ਤਣਿਆਂ ਵਿੱਚ ਮੋਰੀਆਂ ਕਰਕੇ ਅੰਦਰ ਚਲੀਆਂ ਜਾਂਦੀਆਂ ਹਨ ਅਤੇ ਅੰਦਰਲਾ ਮਾਦਾ ਖਾਂਦੀਆਂ ਹਨ, ਜਿਸ ਨਾਲ ਬੂਟੇ ਪੀਲੇ ਪੈ ਜਾਂਦੇ ਹਨ, ਸੁੱਕ ਜਾਂਦੇ ਹਨ ਅਤੇ ਅਖੀਰ ਵਿੱਚ ਮਰ ਜਾਂਦੇ ਹਨ।

**ਰੋਕਥਾਮ :** ਜੇਕਰ ਪਿਛਲੀ ਝੋਨੇ ਦੀ ਫ਼ਸਲ ਉੱਪਰ ਤਣੇ ਦੀ ਗੁਲਾਬੀ ਸੁੰਡੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਅਕਤੂਬਰ ਵਿੱਚ ਬਿਜਾਈ ਨਾ ਕਰੋ। ਦਿਨ ਸਮੇਂ ਪਾਣੀ ਲਗਾਉਣ ਨੂੰ ਤਰਜੀਹ ਦੇਵੋ ਤਾਂ ਕਿ ਪੰਛੀ ਵੱਧ ਤੋਂ ਵੱਧ ਸੁੰਡੀਆਂ ਦਾ ਸ਼ਿਕਾਰ ਕਰ ਸਕਣ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਮੋਰਟੈਲ/ਰੀਜੈਂਟ 0.3 ਜੀ (ਫਿਪਰੋਨਿਲ) ਜਾਂ 1 ਲਿਟਰ ਡਰਸਬਾਨ 20 ਈ ਸੀ (ਕਲੋਰਪਾਈਰੀਫ਼ਾਸ) ਨੂੰ 20 ਕਿਲੋ ਸਲਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲਾ ਪਾਣੀ ਲਗਾਉਣ ਤੋਂ ਪਹਿਲਾਂ ਛੱਟਾ ਦੇਵੋ।

ਛੋਲਿਆਂ ਦੀ ਸੁੰਡੀ ਦੀ ਰੋਕਥਾਮ ਲਈ ਜੈਵਿਕ ਸਰਵਪੱਖੀ ਕੀਟ ਪ੍ਰਬੰਧ ਨੂੰ ਅਪਣਾਉ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪ੍ਰਮਾਣਿਤ ਛੋਲਿਆਂ ਦੀਆਂ ਸੁਧਰੀਆਂ ਕਿਸਮਾਂ ਹੀ ਬੀਜੀਆਂ ਜਾਣ।

ਛੋਲਿਆਂ ਦੀ ਸੁੰਡੀ ਦੇ ਨੁਕਸਾਨ ਨੂੰ ਘਟਾਉਣ ਲਈ ਛੋਲਿਆਂ ਦੀਆਂ ਹਰੇਕ 20 ਕਤਾਰਾਂ ਤੋਂ ਬਾਅਦ ਅਲਸੀ ਦੀਆਂ 2 ਕਤਾਰਾਂ ਅੰਤਰ ਫ਼ਸਲ ਵਜੋਂ ਬੀਜੋ।



# ਕਣਕ ਨੂੰ ਬਿਮਾਰੀਆਂ ਤੇ ਕੀੜੇ-ਮਕੌੜਿਆਂ ਕਾਰਨ ਪੀਲਾ ਪੈਣ ਤੋਂ ਬਚਾਉਣਾ ਜ਼ਰੂਰੀ

ਹਰਵਿੰਦਰ ਸਿੰਘ ਬੁੱਟਰ, ਪ੍ਰਭਜੀਤ ਕੌਰ, ਸੰਜੀਵ ਕੁਮਾਰ ਕਟਾਰੀਆ

ਕਣਕ ਦੀ ਫ਼ਸਲ ਦਾ ਪੀਲਾ ਪੈਣਾ ਅੱਜ-ਕੱਲ੍ਹ ਕਿਸਾਨਾਂ ਲਈ ਇੱਕ ਆਮ ਸਮੱਸਿਆ ਬਣ ਗਈ ਹੈ। ਬਹੁਤ ਵਾਰ ਕਿਸਾਨ ਸਹੀ ਕਾਰਨ ਨਾ ਜਾਣਦੇ ਹੋਏ ਇਸ ਨੂੰ ਰੋਗ ਸਮਝ ਕੇ ਤੁਰੰਤ ਦਵਾਈ ਛਿੜਕਣ ਲੱਗ ਜਾਂਦੇ ਹਨ, ਜਿਸ ਨਾਲ ਖਰਚਾ ਵੀ ਵੱਧਦਾ ਹੈ ਤੇ ਫ਼ਸਲ ਨੂੰ ਨੁਕਸਾਨ ਵੀ ਹੋ ਸਕਦਾ ਹੈ। ਦਰਅਸਲ ਕਣਕ ਦੇ ਪੀਲਾ ਹੋਣ ਦੇ ਕਈ ਕਾਰਨ ਹੁੰਦੇ ਹਨ, ਜਿਵੇਂ ਖਾਦ ਦੀ ਘਾਟ, ਖੇਤਾਂ ਵਿੱਚ ਪਾਣੀ ਰੁਕਣਾ ਜਾਂ ਪਾਣੀ ਦੀ ਕਮੀ, ਮਿੱਟੀ ਵਿੱਚ ਜ਼ਰੂਰੀ ਤੱਤਾਂ ਦੀ ਕਮੀ, ਸਿਉਂਕ ਜਾਂ ਹੋਰ ਕੀੜਿਆਂ ਦਾ ਹਮਲਾ ਅਤੇ ਕਈ ਵਾਰ ਪੀਲੀ ਕੁੰਗੀ ਵਰਗੇ ਰੋਗ। ਇਸ ਲਈ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਅਸਲੀ ਕਾਰਨ ਦੀ ਪਛਾਣ ਕੀਤੀ ਜਾਵੇ ਅਤੇ ਫਿਰ ਉਸ ਮੁਤਾਬਕ ਹੀ ਇਲਾਜ ਕੀਤਾ ਜਾਵੇ। ਜੇ ਸਮੇਂ ਸਿਰ ਸਹੀ ਕਦਮ ਚੁੱਕੇ ਜਾਣ ਤਾਂ ਫ਼ਜ਼ੂਲ ਦੇ ਖ਼ਰਚੇ ਤੋਂ ਬਚਦੇ ਹੋਏ ਵਧੀਆ ਝਾੜ ਹਾਸਿਲ ਕੀਤਾ ਜਾ ਸਕਦਾ ਹੈ।

## ਕਾਰਨ ਤੇ ਉਪਾਅ

**1. ਸਿਉਂਕ ਦਾ ਹਮਲਾ** : ਕਈ ਵਾਰ ਬੀਜ ਬੀਜਣ ਤੋਂ ਕੁੱਝ ਦਿਨ ਬਾਅਦ ਹੀ ਜਦੋਂ ਸਿਉਂਕ ਹਮਲਾ ਕਰਦੀ ਹੈ ਤਾਂ ਕਣਕ ਦੇ ਪੌਦੇ ਪੀਲੇ ਹੋਣ ਲੱਗਦੇ ਹਨ। ਬਾਅਦ ਵਿੱਚ ਇਹ ਪੌਦੇ ਸੁੱਕ ਜਾਂਦੇ ਹਨ ਤੇ ਆਸਾਨੀ ਨਾਲ ਮਿੱਟੀ ਵਿੱਚੋਂ ਖਿੱਚੇ ਜਾ ਸਕਦੇ ਹਨ। ਇਹ ਸਮੱਸਿਆ ਜ਼ਿਆਦਾਤਰ ਰੇਤਲੀਆਂ ਪੈਲੀਆਂ ਵਿੱਚ ਆਉਂਦੀ ਹੈ। ਜਿਹੜੇ ਖੇਤਾਂ ਵਿੱਚ ਸਿਉਂਕ ਦਾ ਹਮਲਾ ਹੁੰਦਾ ਹੋਵੇ, ਉੱਥੇ ਇਸ ਦੀ



ਰੋਕਥਾਮ ਲਈ ਬਿਜਾਈ ਤੋਂ ਪਹਿਲਾਂ ਹੀ ਕੀਟਨਾਸ਼ਕਾਂ ਨਾਲ ਬੀਜ ਦੀ ਸੋਧ ਕਰਨੀ ਚਾਹੀਦੀ ਹੈ। ਬੀਜ ਸੋਧ ਕਰਨ ਲਈ ਪ੍ਰਤੀ ਕਿਲੋ ਦੇ ਹਿਸਾਬ ਨਾਲ 1 ਗ੍ਰਾਮ ਕਰੂਜ਼ਰ 70 ਡਬਲਯੂਐਸ (ਥਾਇਆਮੀਥੋਕਸਮ) ਜਾਂ 4 ਮਿਲੀਲਿਟਰ ਡਰਸਬਾਨ/ਰੂਬਾਨ/ਡਰਮੈਟ 20 ਈਸੀ (ਕਲੋਰਪਾਈਰੀਫਾਸ) ਜਾਂ 2 ਮਿਲੀਲਿਟਰ ਨਿਊਨਿਕਸ 20 ਐੱਫਐੱਸ (ਇਮੀਡਾਕਲੋਪਰਿਡ + ਹੈਕਸਾਕੋਨਾਜੋਲ) ਦੀ ਵਰਤੋਂ ਕਰੋ। ਜੇਕਰ ਬਿਜਾਈ ਤੋਂ ਬਾਅਦ ਇਸ ਦਾ ਹਮਲਾ ਨਜ਼ਰ ਆਵੇ ਤਾਂ ਪਾਣੀ ਲਾਉਣ ਤੋਂ ਪਹਿਲਾਂ ਇੱਕ ਏਕੜ ਲਈ 7 ਕਿਲੋ ਮੋਰਟਲ 0.3 ਜੀ (ਫਿਪਰੋਨਿਲ) ਦਾ ਛਿੱਟਾ ਦਿਓ ਜਾਂ 1.2 ਲਿਟਰ ਡਰਸਬਾਨ 20 ਈਸੀ (ਕਲੋਰਪਾਈਰੀਫਾਸ) ਨੂੰ 20 ਕਿਲੋ ਗਿੱਲੀ ਰੇਤ ਵਿੱਚ ਮਿਲਾ ਕੇ ਛਿੱਟਾ ਦਿਓ।

**2. ਗੁਲਾਬੀ ਸੁੰਡੀ ਦਾ ਹਮਲਾ** : ਇਹ ਸੁੰਡੀ ਛੋਟੀ ਫ਼ਸਲ 'ਤੇ ਹਮਲਾ ਕਰਦੀ ਹੈ। ਸੁੰਡੀਆਂ ਪੌਦਿਆਂ ਦੇ ਤਣਿਆਂ ਵਿੱਚ ਸੁਰੰਗਾਂ ਬਣਾ ਕੇ ਅੰਦਰਲੇ ਹਿੱਸੇ ਨੂੰ ਖਾ ਜਾਂਦੀਆਂ ਹਨ। ਹਮਲੇ ਤੋਂ ਬਾਅਦ ਪੌਦੇ ਪੀਲੇ ਹੋਣ ਲੱਗਦੇ ਹਨ ਅਤੇ ਕਈ ਵਾਰ ਉਨ੍ਹਾਂ ਵਿੱਚ ਸੁੰਡੀਆਂ ਵੀ ਦਿੱਖ ਪੈਂਦੀਆਂ ਹਨ। ਅਜਿਹੇ ਪੌਦੇ ਅਖ਼ੀਰ ਵਿੱਚ ਸੁੱਕ ਕੇ ਮਰ ਜਾਂਦੇ ਹਨ। ਕਣਕ ਦੀ ਫ਼ਸਲ ਨੂੰ ਇਸ ਸੁੰਡੀ ਦੇ ਹਮਲੇ ਤੋਂ ਬਚਾਉਣ ਲਈ ਜੇਕਰ ਪਿਛਲੀ ਝੋਨੇ ਦੀ ਫ਼ਸਲ ਵਿੱਚ ਗੁਲਾਬੀ ਸੁੰਡੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਅਜਿਹੇ ਖੇਤਾਂ ਵਿੱਚ ਅਕਤੂਬਰ ਦੇ ਮਹੀਨੇ ਦੌਰਾਨ ਕਣਕ ਨਾ ਬੀਜੋ। ਕਣਕ ਨੂੰ ਪਾਣੀ ਦਿਨ ਵੇਲੇ ਲਾਉਣ ਨੂੰ ਤਰਜੀਹ ਦੇਵੋ, ਤਾਂ ਕਿ ਪੰਛੀ ਵੱਧ ਤੋਂ ਵੱਧ ਇਨ੍ਹਾਂ ਸੁੰਡੀਆਂ ਨੂੰ ਖਾ ਸਕਣ। ਜੇ ਹਮਲਾ ਵੱਧ ਹੋਵੇ ਤਾਂ ਪਾਣੀ ਲਾਉਣ ਤੋਂ ਪਹਿਲਾਂ ਇੱਕ ਏਕੜ ਲਈ 7 ਕਿਲੋ ਮੋਰਟਲ/ਰੀਜ਼ੈਂਟ 0.3 ਜੀ (ਫਿਪਰੋਨਿਲ) ਦਾ ਛਿੱਟਾ ਦਿਓ ਜਾਂ 1 ਲਿਟਰ ਦਰਸਬਾਨ 20 ਈਸੀ (ਕਲੋਰਪਾਈਰੀਫਾਸ) ਨੂੰ 20 ਕਿਲੋ ਸਲਾਬੀ ਰੇਤ ਮਿਲਾ ਕੇ ਛਿੱਟਾ ਦਿਓ। ਗੁਲਾਬੀ ਸੁੰਡੀ ਦੀ ਰੋਕਥਾਮ ਲਈ 50 ਮਿਲੀਲਿਟਰ ਗੈਰਾਜ 18.5 ਐਸਸੀ (ਕਲੋਰਐਂਟਰਾ-ਨਿਲੀਪਰੋਲ) ਪ੍ਰਤੀ ਏਕੜ ਦਾ ਛਿੜਕਾਅ ਵੀ 80-100 ਲਿਟਰ ਪਾਣੀ ਨਾਲ ਨੈਪਸੈਕ ਪੰਪ ਦੀ ਮਦਦ ਨਾਲ ਕੀਤਾ ਜਾ ਸਕਦਾ ਹੈ।

**3. ਨੀਮਾਟੋਡ ਦਾ ਹਮਲਾ** : ਕਣਕ ਦੇ ਪੀਲੇ ਹੋਣ ਦਾ ਇੱਕ ਕਾਰਨ ਨੀਮਾਟੋਡ ਦਾ ਹਮਲਾ ਵੀ ਹੈ। ਇਹ ਸਮੱਸਿਆ ਜ਼ਿਆਦਾਤਰ ਉਨ੍ਹਾਂ ਖੇਤਰਾਂ ਵਿੱਚ ਮਿਲਦੀ ਹੈ, ਜਿੱਥੇ ਫ਼ਸਲਾਂ ਲੰਮੇ ਸਮੇਂ ਲਈ ਇੱਕੋ ਕਿਸਮ ਦੀਆਂ ਹੀ ਬੀਜੀਆਂ ਜਾਂਦੀਆਂ ਹਨ। ਪਰ ਨੀਮਾਟੋਡ ਦਾ ਹਮਲਾ ਧੌੜੀਆਂ ਵਿੱਚ ਹੁੰਦਾ ਹੈ। ਹਮਲੇ ਵਾਲੇ ਪੌਦੇ ਛੋਟੇ ਰਹਿ ਜਾਂਦੇ ਹਨ, ਪੱਤੇ ਪੀਲੇ ਹੋ ਜਾਂਦੇ ਹਨ ਅਤੇ ਸ਼ਾਖਾਂ ਵੀ ਘੱਟ ਨਿਕਲਦੀਆਂ ਹਨ। ਬੂਟਿਆਂ ਦੀਆਂ ਜੜ੍ਹਾਂ 'ਤੇ ਗੰਢਾਂ ਬਣ ਜਾਂਦੀਆਂ ਹਨ। ਬੂਟਿਆਂ ਨੂੰ ਸਿੱਟੇ ਘੱਟ ਨਿਕਲਦੇ ਹਨ ਅਤੇ ਦਾਣੇ ਵੀ ਚੰਗੀ ਤਰ੍ਹਾਂ ਨਹੀਂ ਬਣਦੇ। ਇਸ ਦੇ ਹਮਲੇ ਤੋਂ ਫ਼ਸਲ ਨੂੰ ਬਚਾਉਣ ਲਈ ਜਿਹੜੇ ਖੇਤਾਂ ਵਿੱਚ ਨੀਮਾਟੋਡ ਦਾ ਹਮਲਾ ਹੁੰਦਾ ਹੋਵੇ, ਅਜਿਹੇ ਖੇਤਾਂ ਦੀ ਮਿੱਟੀ ਨੂੰ ਮਈ-ਜੂਨ ਮਹੀਨੇ ਦੌਰਾਨ ਚੰਗੀ ਤਰ੍ਹਾਂ ਵਾਹ ਕੇ ਖੁੱਲ੍ਹਾ ਛੱਡ ਦੇਣਾ ਚਾਹੀਦਾ ਹੈ। ਜ਼ਿਆਦਾ ਹਮਲੇ ਮਾਂ ਸੂਰਤ ਵਿੱਚ ਕਣਕ ਦੀ ਬਜਾਏ ਗੈਰ-ਅਨਾਜੀ ਫ਼ਸਲਾਂ ਬੀਜੋ। ਕਣਕ ਦੀ ਬਿਜਾਈ ਵੇਲੇ ਹੀ 13 ਕਿਲੋ ਨਿਊਰਾਡਾਨ 3ਜੀ ਪ੍ਰਤੀ ਏਕੜ ਦੇ ਹਿਸਾਬ ਨਾਲ ਪਾ ਦੇਣੀ ਚਾਹੀਦੀ ਹੈ।

**4. ਪੀਲੀ ਕੁੰਗੀ ਦਾ ਹਮਲਾ** : ਕਣਕ ਪੀਲੀ ਹੋਣ ਦਾ ਇੱਕ ਹੋਰ ਵੱਡਾ ਕਾਰਨ ਪੀਲੀ ਕੁੰਗੀ ਦੀ ਬਿਮਾਰੀ ਹੈ। ਇਹ ਬਿਮਾਰੀ ਇੱਕ ਕਿਸਮ ਦੀ ਉੱਲੀ ਕਰਕੇ ਲੱਗਦੀ ਹੈ। ਇਸ ਵਿੱਚ ਪੱਤਿਆਂ 'ਤੇ ਪੀਲੇ ਰੰਗ ਦੀ ਧੂੜ ਵਰਗੇ ਧੱਬੇ ਲੰਮੀਆਂ ਧਾਰੀਆਂ ਦੇ ਰੂਪ ਵਿੱਚ ਬਣਦੇ ਹਨ। ਜੇ ਉਨ੍ਹਾਂ ਪੱਤਿਆਂ ਨੂੰ ਹੱਥ ਨਾਲ ਛੂਹਿਆ ਜਾਵੇ ਤਾਂ ਹੱਥਾਂ 'ਤੇ ਪੀਲੀ ਪਾਊਡਰ ਵਰਗੀ ਪਰਤ ਆ ਜਾਂਦੀ ਹੈ। ਇਹ ਬਿਮਾਰੀ ਪਹਿਲਾਂ ਠੰਢੇ ਤੇ ਨਮੀ ਵਾਲੇ ਇਲਾਕਿਆਂ ਦੇ ਖੇਤਾਂ ਵਿੱਚ ਸ਼ੁਰੂ ਹੁੰਦੀ ਹੈ, ਇਹ ਫਰਵਰੀ-ਮਾਰਚ ਦੇ ਮਹੀਨਿਆਂ ਦੌਰਾਨ ਤੇਜ਼ ਹਵਾਵਾਂ ਤੇ ਮੀਂਹ ਨਾਲ ਇਹ ਬਿਮਾਰੀ ਹੋਰ ਖੇਤਰਾਂ ਵਿੱਚ ਫੈਲ ਜਾਂਦੀ ਹੈ। ਪੀਲੀ ਕੁੰਗੀ ਦੀ ਰੋਕਥਾਮ ਸਰਬਪੱਖੀ ਰੋਕਥਾਮ ਢੰਗ ਦੇ ਨਾਲ ਕਰਨੀ ਚਾਹੀਦੀ ਹੈ। ਨੀਮ ਪਹਾੜੀ ਇਲਾਕਿਆਂ ਦੇ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਅਕਤੂਬਰ ਦੇ ਮਹੀਨੇ ਕਣਕ ਦੀ ਬਿਜਾਈ ਨਾ ਕਰਨ। ਪੀ. ਏ. ਯੂ. ਦੁਆਰਾ ਸਿਫ਼ਾਰਸ਼ ਕੀਤੀਆਂ ਪੀਲੀ ਕੁੰਗੀ ਦਾ ਟਾਕਰਾ ਕਰਨ ਵਾਲੀਆਂ ਕਣਕ ਦੀਆਂ ਕਿਸਮਾਂ ਹੀ ਬੀਜਣੀਆਂ ਚਾਹੀਦੀਆਂ ਹਨ। ਗੈਰ-ਸਿਫ਼ਾਰਸ਼ੀ ਜਾਂ ਪੀਲੀ ਕੁੰਗੀ ਦਾ ਟਾਕਰਾ ਨਾ ਕਰਨ ਵਾਲੀਆਂ ਕਿਸਮਾਂ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਦਸੰਬਰ ਮਹੀਨੇ ਦੇ ਅੱਧ ਤੋਂ ਸ਼ੁਰੂ ਕਰਕੇ ਸਾਨੂੰ ਆਪਣੀ ਫ਼ਸਲ ਦਾ ਲਗਾਤਾਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ। ਜਦੋਂ ਵੀ ਰੋਗ ਦੀਆਂ ਨਿਸ਼ਾਨੀਆਂ ਦਿਖਾਈ ਦੇਣ ਤਾਂ 300 ਗ੍ਰਾਮ ਤਾਕਤ 75 ਡਬਲਯੂਪੀ (ਕੈਪਟਾਨ-ਹੈਕਸਾਕੋਨਾਜ਼ੋਲ) ਜਾਂ 200 ਗ੍ਰਾਮ ਕੈਵੀਅਟ 25 ਡਬਲਯੂਜੀ (ਟੈਬੂਕੋਨਾਜ਼ੋਲ) ਜਾਂ 120 ਗ੍ਰਾਮ ਨਟੀਵੋ 21 75 ਡਬਲਯੂ ਜੀ (ਟ੍ਰਾਈਫਲੋਕ-ਸੀਸਟ੍ਰੋਬਿਨ + ਟੈਬੂਕੋਨਾਜ਼ੋਲ) ਜਾਂ 200 ਮਿਲੀਲਿਟਰ ਅੰਪੈਕਟ ਐਕਸਟਰਾ (ਐਜ਼ੋਕਸੀਸਟ੍ਰੋਬਿਨ + ਸਾਇਪਰਾਕੋਨਾਜ਼ੋਲ) ਜਾਂ 200 ਮਿਲੀਲਿਟਰ ਉਪੇਰਾ 18.3 ਐਸਈ (ਪਾਈਰੈਕਲੋਸਟ੍ਰੋਬਿਨ + ਇਪੋਕਸੀਕੋਨਾਜ਼ੋਲ) ਜਾਂ 200 ਮਿਲੀਲਿਟਰ ਕਸਟੋਡੀਆ 320 ਐਸਸੀ (ਐਜ਼ੋਕਸੀਸਟ੍ਰੋਬਿਨ + ਟੈਬੂਕੋਨਾਜ਼ੋਲ) ਜਾਂ 200 ਮਿਲੀਲਿਟਰ ਟਿਲਟ 25 ਈਸੀ/ਸ਼ਾਈਨ 25 ਈਸੀ / ਬੰਪਰ 25 ਈਸੀ / ਸਿਟਲਟ 25 ਈਸੀ / ਕੰਪਾਸ 25 ਈਸੀ / ਮਾਰਕਜ਼ੋਲ 25 ਈਸੀ (ਪ੍ਰੋਪੀਕੋਨਾਜ਼ੋਲ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰਨਾ ਚਾਹੀਦਾ ਹੈ। ਸ਼ੁਰੂ ਵਿੱਚ ਸਿਰਫ਼ ਪੀਲੀ ਕੁੰਗੀ ਦੇ ਹਮਲੇ ਵਾਲੀਆਂ ਧੌੜੀਆਂ 'ਤੇ ਹੀ ਛਿੜਕਾਅ ਕਰੋ। ਲੋੜ ਪੈਣ 'ਤੇ ਇੱਕ ਛਿੜਕਾਅ ਦੁਬਾਰਾ ਕੀਤਾ ਜਾ ਸਕਦਾ ਹੈ।




# ਧਨੀਏ ਦੀ ਸਫ਼ਲ ਕਾਸ਼ਤ ਨਾਲ ਧਨੀ ਬਣ ਸਕਦੇ ਨੇ ਕਿਸਾਨ

**ਬ੍ਰਿਸ ਭਾਨ ਬੁਜਰਕ, ਮੋਬਾਇਲ : 98761-01698**

ਪੰਜਾਬ ਦੇ ਕਿਸਾਨ ਹੋਰਨਾਂ ਸਬਜ਼ੀਆਂ ਦੀ ਕਾਸ਼ਤ ਕਰਨ ਦੇ ਨਾਲ ਹੀ ਧਨੀਏ ਦੀ ਸਫ਼ਲ ਕਾਸ਼ਤ ਕਰ ਕੇ ਧਨੀ ਬਣ ਸਕਦੇ ਹਨ ਕਿਉਕਿ ਤਿੰਨ ਕੁ ਮਹੀਨੇ ਚੱਲਣ ਵਾਲੀ ਇਹ ਫ਼ਸਲ ਕਿਸਾਨਾਂ ਨੂੰ ਬਹੁਤ ਜ਼ਿਆਦਾ ਆਮਦਨ ਦੇ ਸਕਦੀ ਹੈ। ਮੰਡੀ ਵਿੱਚ ਧਨੀਏ ਦੇ ਭਾਅ ਵਿੱਚ ਆਉਣ ਵਾਲੇ ਉਤਰਾਅ-ਚੜਾਅ ਕਾਰਨ ਘਾਟੇ ਦਾ ਸੌਦਾ ਤਾਂ ਸਾਬਤ ਹੁੰਦੀ ਹੀ ਨਹੀਂ ਕਿਉਕਿ ਇੱਕ ਲੱਖ ਰੁਪਏ ਪ੍ਰਤੀ ਏਕੜ ਤੋਂ ਥੱਲੇ ਆਉਂਦੀ ਹੀ ਨਹੀਂ ਹੈ। ਕਈ ਵਾਰ ਤਾਂ ਇਕੱਲੇ ਹਰੇ ਧਨੀਏ ਦੀ ਫ਼ਸਲ ਹੀ ਦੋ ਤੋਂ ਢਾਈ ਲੱਖ ਰੁਪਏ ਤੱਕ ਵੀ ਪਹੁੰਚ ਜਾਂਦੀ ਹੈ। ਫ਼ਸਲ ਪੱਕਣ ਤੋਂ ਬਾਅਦ ਬੀਜ ਦੀ ਪੈਦਾਵਾਰ ਤੋਂ ਹੋਣ ਵਾਲੀ ਆਮਦਨ ਵੱਖਰੀ ਹੈ। ਧਨੀਏ ਦੀ ਖੇਤੀ ਕਰਨ ਵਾਲੇ ਕਿਸਾਨ ਬਾਜ ਸਿੰਘ ਨੇ ਦੱਸਿਆ ਕਿ ਜੇਕਰ ਧਨੀਏ ਦੀ ਖੇਤੀ ਕਰਨ ਲਈ ਬੀਜ ਆਪਣੇ ਖੇਤ ਦਾ ਰੱਖਿਆ ਹੋਵੇ ਤਾਂ ਹੋਰ ਵੱਧ ਆਮਦਨ ਹੋ ਜਾਂਦੀ ਹੈ। ਇੱਕ ਏਕੜ ਜ਼ਮੀਨ ਵਿੱਚ 30 ਤੋਂ 32 ਕਿਲੋ ਧਨੀਏ ਦਾ ਬੀਜ ਪੈਂਦਾ ਹੈ। ਜੇਕਰ ਧਨੀਏ ਦੀ ਬੀਜਾਈ ਮਜ਼ਦੂਰਾਂ ਰਾਹੀਂ ਕਰਵਾਈ ਜਾਵੇ ਤਾਂ 5 ਤੋਂ 7 ਕਿਲੋ ਤੱਕ ਬੀਜ ਘੱਟ ਲੱਗਦਾ ਹੈ। ਧਨੀਏ ਦੀ ਬੀਜ ਦੀ ਕੀਮਤ 300 ਰੁਪਏ ਪ੍ਰਤੀ ਕਿਲੋ ਤੱਕ ਹੈ। ਤਿੰਨ ਤੋਂ ਪੰਜ ਵਾਢਾਂ ਵਿੱਚ ਧਨੀਏ ਦੀ ਕਟਾਈ ਕੀਤੀ ਜਾ ਸਕਦੀ ਹੈ। ਜੇਕਰ ਫ਼ਸਲ ਦਾ ਬੀਜ ਰੱਖਣਾ ਹੋਵੇ ਤਾਂ ਇੱਕ ਦੋ ਕਟਾਈਆਂ ਘੱਟ ਵੀ ਕੀਤੀਆਂ ਜਾ ਸਕਦੀਆਂ ਹਨ। ਇੱਕ ਕਟਾਈ ਵਿੱਚ ਤਕਰੀਬਨ 40 ਕੁਇੰਟਲ ਧਨੀਆ ਮੰਡੀ ਵਿੱਚ ਵੇਖਿਆ ਜਾ ਸਕਦਾ ਹੈ ਜੇਕਰ ਸਬਜ਼ੀ ਮੰਡੀ ਵਿੱਚ ਭਾਅ ਵਧੀਆ ਮਿਲ ਜਾਵੇ ਤਾਂ ਤਿੰਨ ਚਾਰ ਵਾਢਾਂ ਵਿੱਚ ਧਨੀਏ ਦੀ ਫ਼ਸਲ ਕਿਸਾਨ ਨੂੰ ਧਨੀ ਬਣਾ ਦਿੰਦੀ ਹੈ। ਇਸ ਤੋਂ ਇਲਾਵਾ ਪੰਜ ਕੁਇੰਟਲ ਦੇ ਕਰੀਬ ਧਨੀਏ ਦਾ ਬੀਜ ਵੀ





ਪੈਦਾ ਹੋ ਸਕਦਾ ਹੈ, ਜਿਸ ਦੀ ਘੱਟ-ਘੱਟ ਕੀਮਤ ਲਾ ਕੇ ਵੀ ਲੱਖ ਰੁਪਏ ਦੇ ਨੇੜੇ ਪਹੁੰਚ ਜਾਂਦੀ ਹੈ। ਧਨੀਏ ਦੀ ਦੇਸੀ ਕਿਸਮ ਹੀ ਬੀਜਣੀ ਚਾਹੀਦੀ ਹੈ ਕਿਉਕਿ ਹਾਈਬ੍ਰਿਡ ਧਨੀਏ ਦਾ ਬੀਜ ਨਹੀਂ ਬਣਦਾ ਤੇ ਦੇਸੀ ਕਿਸਮ ਦਾ ਧਨੀਆ ਖ਼ੁਸ਼ਬੂਦਾਰ ਵੀ ਹੁੰਦਾ ਹੈ। ਪਰ ਦੇਸ਼ ਅੰਦਰ ਹਾਈਬ੍ਰਿਡ ਬੀਜਾਂ ਦੀ ਵਰਤੋਂ ਕਰਨ ਦਾ ਰੁਝਾਨ ਵਧਦਾ ਜਾ ਰਿਹਾ ਹੈ।

ਸਬਜ਼ੀਆਂ ਦੇ ਹਾਈਬ੍ਰਿਡ ਬੀਜਾਂ ਦੀ ਵਰਤੋਂ ਤੇਜ਼ੀ ਨਾਲ ਵਧੀ ਹੈ। ਅਮਰੀਕਾ ਜਾਂ ਯੂਰਪ ਵਾਲੇ ਭਾਰਤੀਆਂ ਵੱਲੋਂ ਉੱਥੋਂ ਦੀਆਂ ਸੁਪਰ ਮਾਰਕੀਟਾਂ ਵਿੱਚ ਪਾਈਆਂ ਸਬਜ਼ੀਆਂ ਵੇਖ ਕੇ ਹੈਰਾਨ ਹੋਣਾ ਸੁਭਾਵਿਕ ਹੀ ਹੈ, ਪਰ ਵਤਨ ਪਰਤਨ 'ਤੇ ਉਹ ਮੰਨਦੇ ਹਨ ਕਿ ਭਾਰਤੀ ਸਬਜ਼ੀਆਂ ਕਮਜ਼ੋਰ ਤੇ ਬਦਰੰਗ ਜਿਹੀਆਂ ਲੱਗਣ ਦੇ ਬਾਵਜੂਦ ਵਿੱਚ ਸੁਆਦਲੀਆਂ ਹੁੰਦੀਆਂ ਹਨ। ਇਸਦੇ ਬਾਵਜੂਦ ਕਈ ਕੰਪਨੀਆਂ ਹਾਈਬ੍ਰਿਡ ਅਤੇ ਜੀ.ਐਮ. ਬੀਜਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀਆਂ ਹਨ ਅਤੇ ਇਹ ਪ੍ਰਚਾਰ ਕਰ ਰਹੀਆਂ ਹਨ ਕਿ ਇਨ੍ਹਾਂ ਬੀਜਾਂ ਦੀ ਵਰਤੋਂ ਸਦਕਾ ਭਾਰਤੀ ਮਾਰਕੀਟ ਵਿੱਚ ਵੀ ਅਮਰੀਕੀ ਮਾਰਕੀਟ ਵਿੱਚ ਮਿਲਦੀਆਂ ਸਬਜ਼ੀਆਂ ਵਰਗੀਆਂ ਸਬਜ਼ੀਆਂ ਨਜ਼ਰ ਆਉਣ ਲੱਗਣਗੀਆਂ। ਹਾਈਬ੍ਰਿਡ ਬੀਜ ਪੈਦਾ ਕਰਨ ਵਾਲੀਆਂ ਕੰਪਨੀਆਂ ਦਾ ਦਾਅਵਾ ਹੈ ਕਿ ਉਹ ਇਨ੍ਹਾਂ ਬੀਜਾਂ ਰਾਹੀਂ ਜਿੱਥੇ ਭਾਰਤ ਦਾ ਖ਼ੁਰਾਕੀ ਸੰਕਟ ਦੂਰ ਕਰਨ ਵਿੱਚ ਮੱਦਦ ਕਰ ਰਹੀਆਂ ਹਨ, ਉੱਥੇ ਵੀ ਕਾਸ਼ਤਕਾਰਾਂ ਦੀ ਆਮਦਨ ਵੀ ਵਧਾ ਰਹੀਆਂ ਹਨ। ਭਾਰਤੀ ਬੀਜ ਮੰਡੀ ਛੇ ਤੋਂ ਸੱਤ ਹਜ਼ਾਰ ਕਰੋੜ ਰੁਪਏ ਦੇ ਵਿਚਕਾਰ ਹੈ ਅਤੇ ਇਹ ਕੰਪਨੀਆਂ ਇਸ ਮਾਰਕੀਟ ਵਿੱਚ ਆਪਣੀ ਮੌਜੂਦਗੀ ਤੇ ਦਬਦਬਾ ਲਗਾਤਾਰ ਵਧਾਉਂਦੀਆਂ ਜਾ ਰਹੀਆਂ ਹਨ। ਹਰ ਕਿਸਾਨ ਚਾਹੁੰਦਾ ਹੈ ਕਿ ਉਸ ਦੀ ਕਮਾਈ ਵਿੱਚ ਵਾਧਾ ਹੋਵੇ। ਬੇਸ਼ੱਕ, ਉਹ ਦੇਸੀ ਬੀਜਾਂ ਦੀ ਥਾਂ ਹਾਈਬ੍ਰਿਡ ਬੀਜਾਂ ਨੂੰ ਤਰਜੀਹ ਦਿੰਦਾ ਹੈ। ਕਈ ਕੰਪਨੀਆਂ ਦਾ ਦਾਅਵਾ ਸੀ ਕਿ ਇਸ ਦੇ ਹਾਈਬ੍ਰਿਡ ਬੀਜਾਂ ਵਾਲੀਆਂ ਫ਼ਸਲਾਂ 30 ਫ਼ੀਸਦੀ ਤੋਂ ਵੱਧ ਝਾੜ ਦਿੰਦੀਆਂ ਹਨ ਅਤੇ ਕਾਸ਼ਤਕਾਰਾਂ ਨੂੰ ਕੀਟਨਾਸ਼ਕਾਂ ਦੀ ਘੱਟ ਵਰਤੋਂ ਕਰਨੀ ਪੈਂਦੀ ਹੈ। ਹਾਈਬ੍ਰਿਡ ਬੀਜਾਂ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਅਜਿਹੇ ਬੀਜ ਇੱਕ ਵਾਰ ਵਧੀਆ ਝਾੜ ਦਿੰਦੇ ਹਨ। ਇਨ੍ਹਾਂ ਬੀਜਾਂ ਤੋਂ ਤਿਆਰ ਫ਼ਸਲ ਤੋਂ ਬੀਜ ਦੀ ਵਰਤੋਂ ਕਰਨ 'ਤੇ ਝਾੜ ਕਾਫ਼ੀ ਘੱਟ ਜਾਂਦਾ ਹੈ। ਤੀਜੀ ਵਾਰ ਤਾਂ ਫ਼ਸਲ ਨਾ ਮਾਤਰ ਹੀ ਹੁੰਦੀ ਹੈ। ਸਬਜ਼ੀਆਂ ਦੇ ਕਾਸ਼ਤਕਾਰਾਂ ਨੂੰ ਹਰ ਵਾਰੀ ਨਵਾਂ ਬੀਜ ਖ਼ਰੀਦਣਾ ਪੈਂਦਾ ਹੈ ਜਦਕਿ ਦੇਸੀ ਬੀਜਾਂ ਦੇ ਮਾਮਲੇ ਵਿੱਚ ਅਜਿਹਾ ਕੁੱਝ ਵੀ ਨਹੀਂ ਹੁੰਦਾ। ਉਨ੍ਹਾਂ ਦੀ ਹਰ ਫ਼ਸਲ ਤੋਂ ਨਵਾਂ ਬੀਜ ਤਿਆਰ ਹੋ ਜਾਂਦਾ ਹੈ। ਝਾੜ ਵੱਧ ਮਿਲਣ ਦੇ ਬਾਵਜੂਦ ਹਾਈਬ੍ਰਿਡ ਬੀਜ ਲੰਮੇ ਸਮੇਂ ਲਈ ਬੱਚਤਕਾਰੀ ਨਹੀਂ ਹਨ। ਫਿਰ ਵੀ ਇੱਕ ਗੱਲ ਵੇਖੀ ਗਈ ਹੈ ਕਿ ਹਾਈਬ੍ਰਿਡ ਬੀਜਾਂ ਦਾ ਰੁਝਾਨ ਤੇਜ਼ੀ ਨਾਲ ਵੱਧ ਰਿਹਾ ਹੈ ਅਤੇ ਦੇਸੀ ਬੀਜਾਂ ਦੀ ਵਰਤੋਂ ਹਰ ਸਾਲ ਘੱਟ ਰਹੀ ਹੈ। ਦੇਸੀ ਬੀਜ ਵੇਚਣ ਵਾਲੀਆਂ ਕੰਪਨੀਆਂ ਵੀ ਬਜ਼ਾਰ ਵਿੱਚੋਂ ਗਾਈਬ ਹੁੰਦੀਆਂ ਜਾ ਰਹੀਆਂ ਹਨ। ਖੇਤੀਬਾੜੀ ਵਿਭਾਗ ਦੇ ਮਾਹਰਾਂ ਦਾ ਮੰਨਣਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਸ਼ਿਮਲਾ ਮਿਰਚ ਵਿੱਚੋਂ ਨਾ ਸੁਗੰਧ ਆਵੇਗੀ ਅਤੇ ਨਾ ਹੀ ਪਹਿਲਾਂ ਵਰਗੀ ਸੁਆਦਲੀ ਰਹੇਗੀ। ਇਹੋ ਕੁੱਝ ਦੇਸੀ ਮਟਰਾਂ ਬਾਰੇ ਵੀ ਕਿਹਾ ਜਾ ਸਕਦਾ ਹੈ ਜਿਨ੍ਹਾਂ ਦੀ ਮਿਠਾਸ ਤੇ ਨਰਮ ਛਿਲਕਾ ਪਿਛਲੇ ਪੰਜ ਸਾਲਾਂ ਦੌਰਾਨ ਲੱਗਭੱਗ ਗਾਇਬ ਹੀ ਹੋ ਗਿਆ ਹੈ। ਕਈ ਲੋਕ ਘਰਾਂ ਵਿੱਚ ਫਲੀਆਂ ਵਿੱਚੋਂ ਮਟਰਾਂ ਦੇ ਦਾਣੇ ਕੱਢਦਿਆਂ ਉਨ੍ਹਾਂ ਨੂੰ ਨਾਲੋਂ-ਨਾਲ ਕੱਚੇ ਹੀ ਖਾ ਜਾਇਆ ਕਰਦੇ ਸਨ। ਹੁਣ ਮਟਰ ਦਾ ਦਾਣਾ ਮੂੰਹ ਵਿੱਚ ਜਾਂਦਿਆਂ ਹੀ ਪੱਕੇ ਹੋਣ ਦਾ ਅਹਿਸਾਸ ਕਰਾਉਂਦਾ ਹੈ। ਇਹ ਸਭ ਹਾਈਬ੍ਰਿਡ ਬੀਜਾਂ ਦਾ ਕਮਾਲ ਹੈ।

ਪਿਛਲੇ ਸਾਲਾਂ ਦੌਰਾਨ ਬੀ. ਟੀ. ਬੈਂਗਣ ਦੇ ਮਾਮਲੇ ਨੂੰ ਲੈ ਕੇ ਖੜ੍ਹੇ ਹੋਏ ਵਿਵਾਦ ਕਾਰਨ ਗੋਡੀ ਅਤੇ ਟਮਾਟਰ ਵਰਗੀਆਂ ਹੋਰ ਵੀ ਕਈ ਸਬਜ਼ੀਆਂ ਦਾ ਬਚਾਉ ਹੋ ਗਿਆ। ਇਸ ਦੇ ਨਾਲ ਹੀ ਖਾਦ ਸੁਰੱਖਿਆ ਦੇ ਮੱਦੇਨਜ਼ਰ ਜੀ. ਐਮ. ਫ਼ਸਲਾਂ ਨੂੰ ਤਿਆਰ ਕਰਨ ਦੀ ਯੋਜਨਾ ਵੀ ਖ਼ਤਮ ਹੋ ਗਈ ਹੈ। ਰਾਜ ਸਰਕਾਰਾਂ ਵੱਲੋਂ ਕੀਤੇ ਸਖ਼ਤ ਵਿਰੋਧ ਤੋਂ ਬਾਅਦ ਕੇਂਦਰ ਸਰਕਾਰ ਨੂੰ ਬੀ.ਟੀ. ਬੈਂਗਣ ਦੀ ਖੋਜ ਦਾ ਮਾਮਲਾ ਠੰਢੇ ਬਸਤੇ ਵਿੱਚ ਪਾਉਣਾ ਪਿਆ। ਇਸ ਦੇ ਨਾਲ ਹੀ ਬੀ.ਟੀ. ਟਮਾਟਰ, ਫੁੱਲ ਗੋਭੀ ਅਤੇ ਚੌਲਾਂ ਦੀਆਂ ਕਈ ਕਿਸਮਾਂ ਨੂੰ ਤਿਆਰ ਕਰਨ ਵਾਲਾ ਕੰਮ ਵੀ ਅੱਧ ਵਿਚਕਾਰ ਲਟਕ ਗਿਆ ਸੀ। ਲੋਕ ਸਭਾ ਵਿੱਚ ਇੱਕ ਲਿਖਤੀ ਸਵਾਲ ਦਾ ਜਵਾਬ ਦਿੰਦਿਆਂ ਖੇਤੀ ਰਾਜ ਮੰਤਰੀ ਪ੍ਰੋ. ਕੇ.ਵੀ. ਥਾਮਸ ਨੇ ਮੰਨਿਆ ਸੀ ਕਿ ਵਿਦੇਸ਼ੀ ਕੰਪਨੀਆਂ ਵੱਲੋਂ ਤਿਆਰ ਬੀ.ਟੀ. ਬੀਜਾਂ ਦਾ ਜ਼ਿਆਦਾਤਰ ਰਾਜਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ, ਜਿਸ ਕਰ ਕੇ ਸਰਕਾਰ ਨੇ ਅਗਲੀਆਂ ਸਾਰੀਆਂ ਕਾਰਵਾਈਆਂ ਬੰਦ ਕਰ ਦਿੱਤੀਆਂ ਹਨ। ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਕਰਨਾਟਕ, ਬਿਹਾਰ, ਪੱਛਮੀ ਬੰਗਾਲ, ਉੜੀਸਾ, ਤਾਮਿਲਨਾਡੂ, ਮੱਧ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਆਦਿ ਨੇ ਬੀ.ਟੀ. ਬੀਜਾਂ ਦਾ ਸਖ਼ਤ ਵਿਰੋਧ ਕੀਤਾ ਸੀ। ਇਸ ਤੋਂ ਇਲਾਵਾ ਕੇਰਲ ਅਤੇ ਉਤਰਾਖੰਡ ਸਰਕਾਰ ਨੇ ਵੀ ਇਨ੍ਹਾਂ ਬੀਜਾਂ ਦਾ ਵਿਰੋਧ ਕੀਤਾ ਸੀ।



# 'ਤੁਪਕਾ ਸਿੰਚਾਈ ਪ੍ਰਣਾਲੀ' ਦੀ ਮੁਰੰਮਤ ਅਤੇ ਸਾਂਭ-ਸੰਭਾਲ

## ਬੂਟੇ ਤੋਂ ਬੂਟੇ ਦੀ ਦੂਰੀ ਜ਼ਿਆਦਾ ਹੋਣ ਕਰਕੇ ਆਨਲਾਈਨ ਲੇਟਲਰਲ ਪਾਈਪਾਂ ਤੇ ਡਰਿੱਪਰ ਦੀ ਵਰਤੋਂ ਕੀਤੀ ਜਾਂਦੀ ਹੈ

ਫ਼ਸਲ ਦੀ ਉਤਪਾਦਕਤਾ ਵਧਾਉਣ ਵਿੱਚ ਤੁਪਕਾ ਸਿੰਚਾਈ ਦਾ ਅਹਿਮ ਰੋਲ ਹੈ। ਤੁਪਕਾ ਸਿੰਚਾਈ ਪ੍ਰਣਾਲੀ ਤੋਂ ਸਹੀ ਕੰਮ ਲੈਣ ਲਈ ਇਹ ਜ਼ਰੂਰੀ ਹੈ ਕਿ ਇਸ ਦੀ ਸੰਭਾਲ ਚੰਗੇ ਤਰੀਕੇ ਨਾਲ ਕੀਤਾ ਜਾਵੇ। ਕਿਸੇ ਵੀ ਜਗ੍ਹਾ 'ਤੇ ਤੁਪਕਾ ਸਿੰਚਾਈ ਪ੍ਰਣਾਲੀ ਲਗਾਉਣ ਤੋਂ ਪਹਿਲਾਂ ਕੁੱਝ ਬੁਨਿਆਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ।

ਇਸ ਜਾਣਕਾਰੀ ਵਿੱਚ ਮਿੱਟੀ ਦੀ ਕਿਸਮ, ਪਾਣੀ ਦੀ ਗੁਣਵੱਤਾ, ਫ਼ਸਲ ਦੀ ਕਿਸਮ, ਫ਼ਸਲ ਦੀਆਂ ਕਤਾਰਾਂ ਵਿੱਚ ਵਿੱਥ, ਖੇਤ ਦਾ ਆਕਾਰ ਅਤੇ ਖੇਤਰਫਲ ਸ਼ਾਮਲ ਹੈ। ਸਿੰਚਾਈ ਪ੍ਰਣਾਲੀ ਵਿਚਲੇ ਪੰਪ ਦੀ ਚੋਣ ਕਿੰਨਾ ਹੈੱਡ ਰੱਖਿਆ ਜਾਣਾ ਹੈ, ਡਿਸਚਾਰਜ ਕਿੰਨਾ ਹੈ ਅਤੇ ਪੰਪ ਦੀ ਹਾਰਸ ਪਾਵਰ ਕਿੰਨੀ ਚਾਹੀਦੀ ਹੈ, ਇਸ ਉੱਪਰ ਨਿਰਭਰ ਕਰਦਾ ਹੈ ਅਤੇ ਇਸ ਤੋਂ ਬਾਅਦ ਮੇਨ ਲਾਈਨ, ਸਬ ਮੇਨ ਲਾਈਨ ਅਤੇ ਲੇਟਰਲ ਪਾਈਪਾਂ ਦੀ ਚੋਣ ਪਾਣੀ ਦੇ ਵਹਾਅ ਦਰ ਨੂੰ ਵੇਖ ਕੇ ਕੀਤੀ ਜਾਂਦੀ ਹੈ।

ਬਾਗਬਾਨੀ ਫ਼ਸਲਾਂ ਵਿੱਚ ਜੇਕਰ ਬੂਟੇ ਤੋਂ ਬੂਟੇ ਦੀ ਦੂਰੀ ਜ਼ਿਆਦਾ ਹੋਣ ਕਰ ਕੇ ਆਨਲਾਈਨ ਲੇਟਲਰਲ ਪਾਈਪਾਂ ਤੇ ਡਰਿੱਪਰ ਦੀ ਵਰਤੋਂ ਕੀਤੀ ਜਾਂਦੀ ਹੈ। ਜੇਕਰ ਖੇਤਰ ਅਵਾਰਾ ਪਸ਼ੂਆਂ ਤੋਂ ਸੁਰੱਖਿਅਤ ਹੈ ਅਤੇ ਫ਼ਸਲ ਵਿੱਚ ਬੂਟੇ ਤੋਂ ਬੂਟੇ ਦੀ ਦੂਰੀ ਨਿਸ਼ਚਿਤ ਹੈ ਤਾਂ ਇਨ ਲਾਈਨ ਲੇਟਰਲ ਦੀ ਵਰਤੋਂ ਕੀਤੀ ਜਾਂਦੀ ਹੈ। ਜੇਕਰ ਖੇਤਰ ਦੀ ਭੂਗੋਲਿਕ ਸਥਿਤੀ ਉੱਚੀ ਨੀਵੀਂ ਹੈ ਤਾਂ ਆਨਲਾਈਨ ਜਾਂ ਇਨਲਾਈਨ ਲੈਟਰਲ ਵਿੱਚ ਪ੍ਰੈਸ਼ਰ ਕੰਪਨਸੈਟਿੰਗ ਡਰਿੱਪਰ ਦੀ ਵਰਤੋਂ ਕੀਤੀ ਜਾਂਦੀ ਹੈ।

**ਡਰਿੱਪ ਲਗਾਉਣ ਉਪਰੰਤ ਡਰਿੱਪ ਸੈੱਟ ਦੀ ਸਾਂਭ-ਸੰਭਾਲ** : ਡਰਿੱਪ ਲਗਾਉਣ ਉਪਰੰਤ ਲੇਟਰਲ ਦੇ ਅਖੀਰ ਵਿਚਲੇ ਐਂਡ ਕੈਪ ਨੂੰ ਖੋਲ੍ਹ ਕੇ ਪਾਣੀ 5 ਤੋਂ 10 ਮਿੰਟ ਲਈ ਖੁੱਲ੍ਹਾ ਚਲਾ ਕੇ ਦੇਖਣਾ ਚਾਹੀਦਾ ਹੈ ਤਾਂ ਜੋ ਲੈਟਰਲ ਵਿੱਚ ਮੌਜੂਦ ਕੋਈ ਗੰਦਗੀ ਖੁੱਲ੍ਹੇ ਪਾਣੀ ਨਾਲ ਬਾਹਰ ਨਿਕਲ ਜਾਵੇ। ਜੇਕਰ ਚਲਾਉਣ ਸਮੇਂ ਡਰਿੱਪਰ ਜਾਂ ਕਿਸੇ ਜੋੜ ਤੋਂ ਪਾਣੀ ਦੀ ਲੀਕੇਜ ਮਹਿਸੂਸ ਹੋਵੇ ਤਾਂ ਉਸ ਹਿੱਸੇ ਦੀ ਤੁਰੰਤ ਬਦਲੀ ਕਰ ਦਿੱਤੀ ਜਾਣੀ ਚਾਹੀਦੀ ਹੈ। ਹਰ ਡਰਿੱਪਰ ਜਾਂ ਇਮੀਟਰ ਤੋਂ ਇਹ ਨੋਟ ਕਰੋ ਕਿ ਪਾਣੀ ਬਾਕੀ ਡਰਿੱਪਰ ਜਾਂ ਇਮੀਟਰ ਦੇ ਬਰਾਬਰ ਨਿਕਲੇ। ਇਸ ਲਈ ਅਲੱਗ-ਅਲੱਗ ਡਰਿੱਪਰ ਖੁੱਲ੍ਹੇ ਖੁੱਲ੍ਹੇ ਭਾਂਡੇ ਰੱਖ ਕੇ ਪ੍ਰਣਾਲੀ ਨੂੰ 5 ਮਿੰਟ ਚਲਾ ਕੇ ਇਨ੍ਹਾਂ ਭਾਂਡਿਆਂ ਵਿੱਚ ਇਕੱਠੇ ਹੋਏ ਪਾਣੀ ਨੂੰ ਵੇਖ ਕੇ ਅੰਦਾਜ਼ਾ ਲਗਾਓ ਕਿ ਹਰ ਭਾਂਡੇ ਵਿੱਚ ਪਾਣੀ ਇੱਕੋ ਜਿੰਨਾ ਹੀ ਹੋਵੇ। ਜੇਕਰ ਫਰਕ ਦਿਸੇ ਤਾਂ ਸਬੰਧਤ ਡਰਿੱਪਰ ਨੂੰ ਬਦਲ ਦਿਉ।

**ਡਰਿੱਪ ਸਿਸਟਮ ਵਿੱਚ ਫਿਲਟਰਾਂ ਦੀ ਸੰਭਾਲ** : ਫਿਲਟਰ ਤੁਪਕਾ ਸਿੰਚਾਈ ਪ੍ਰਣਾਲੀ ਦਾ ਇੱਕ ਅਹਿਮ ਅੰਗ ਹੈ। ਫਿਲਟਰ ਦੀ ਚੋਣ ਪਾਣੀ ਦੇ ਸੋਮੇ ਅਤੇ ਉਸ ਦੀ ਗੁਣਵੱਤਾ 'ਤੇ ਨਿਰਭਰ ਕਰਦੀ ਹੈ। ਸਿੰਚਾਈ ਵਿੱਚ ਨਹਿਰੀ, ਦਰਿਆ, ਖੂਹ ਅਤੇ ਟਿਊਬਵੈੱਲ ਦੇ ਪਾਣੀ ਦੀ ਵਰਤੋਂ ਹੁੰਦੀ ਹੈ। ਰੇਤਾ ਵਾਲੇ ਸਕਰੀਨ ਫਿਲਟਰ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ, ਜਦੋਂ ਪਾਣੀ ਦਾ ਸੋਮਾ ਟੋਬਾ/ਡਿਗੀ ਹੋਵੇ। ਰੇਤ ਵਾਲੇ ਅਤੇ ਸਕਰੀਨ ਫਿਲਟਰ ਜੈਵਿਕ ਸਮੱਗਰੀ ਜਿਵੇਂ ਕਿ ਕਾਈ ਜਾਂ ਫਸਲੀ ਰਹਿੰਦ-ਖੂੰਹਦ ਨੂੰ ਫਿਲਟਰ ਕਰਨ ਲਈ ਵਰਤੇ ਜਾਂਦੇ ਹਨ। ਹਾਈਡ੍ਰੋਸਾਈਕਲੋਨ ਅਤੇ ਡਿਸਕ ਫਿਲਟਰ ਦੀ ਵਰਤੋਂ ਟਿਊਬਵੈੱਲ ਦੇ ਪਾਣੀ ਵਿਚਲੀ ਘੁਲੀ ਹੋਈ ਰੇਤਾ ਨੂੰ ਸਾਫ ਕਰਨ ਲਈ ਸੈਕੰਡਰੀ ਫਿਲਟਰ ਦੇ ਤੌਰ 'ਤੇ ਵਰਤੇ ਜਾਂਦੇ ਹਨ।

**ਡਰਿੱਪਰ ਜਾਂ ਇਮੀਟਰ ਦਾ ਬੰਦ ਹੋਣਾ** : ਡਰਿੱਪਰ ਜਾਂ ਇਮੀਟਰ ਦਾ ਬੰਦ ਜਾਂ ਚੋਕ ਹੋਣਾ ਆਮ ਸਮੱਸਿਆ ਹੈ। ਡਰਿੱਪਰ ਚੋਕ ਹੋਣ ਨਾਲ ਪਾਣੀ ਇਕਸਾਰ ਨਹੀਂ ਲੱਗੇਗਾ ਅਤੇ ਉਤਪਾਦਨ ਪ੍ਰਭਾਵਿਤ ਹੋਵੇਗਾ। ਇਹ ਵੇਖਿਆ ਗਿਆ ਹੈ ਕਿ ਡਰਿੱਪਰ ਆਮ ਤੌਰ ਤੇ ਬਾਰਿਸ਼ ਜਾਂ ਮੀਂਹ ਦੌਰਾਨ ਬੰਦ ਜਾਂ ਚੋਕ ਹੋ ਜਾਂਦੇ ਹਨ, ਜਦੋਂ ਖੇਤਾਂ ਵਿੱਚ ਮੀਂਹ ਪੈਣ ਸਮੇਂ ਪਾਣੀ ਖੜ੍ਹ ਜਾਂਦਾ ਹੈ। ਮੈਲਾ ਪਾਣੀ ਡਰਿੱਪਰ ਵਿੱਚ ਵੜ੍ਹ ਜਾਂਦਾ ਹੈ ਅਤੇ ਡਰਿੱਪਰ ਚੋਕ ਹੋ ਜਾਂਦੇ ਹਨ। ਕਈ ਵਾਰ ਫਿਲਟਰ ਸਿਸਟਮ ਵਿੱਚ ਨੁਕਸ ਪੈਣ ਨਾਲ ਵੀ ਇਮੀਟਰ ਚੋਕ ਹੋ ਜਾਂਦੇ ਹਨ। ਪਰ ਚੋਕਿੰਗ ਤੋਂ ਛੁਟਕਾਰਾ ਪਾਉਣ ਲਈ ਤੇਜ਼ਾਬ ਅਤੇ ਕੋਲਰੀਨ ਦੀ ਵਰਤੋਂ ਕੀਤੀ ਜਾਂਦੀ ਹੈ। ਸਮੇਂ-ਸਮੇਂ 'ਤੇ ਪ੍ਰਣਾਲੀ ਦੀ ਫਲਸਿੰਗ ਕਰਦੇ ਰਹਿਣ ਨਾਲ ਵੀ ਚੈਕਿੰਗ ਤੋਂ ਰਾਹਤ ਮਿਲਦੀ ਹੈ। ਡਰਿੱਪ ਪ੍ਰਣਾਲੀ ਦੇ ਸਹੀ ਚੱਲਣ ਲਈ ਸਮੇਂ-ਸਮੇਂ 'ਤੇ ਚੋਕਿੰਗ ਦਾ ਨਿਰੀਖਣ ਕਰਦੇ ਰਹੋ।

**ਕਾਈ ਦੀ ਸਮੱਸਿਆ** : ਕਾਈ ਦੀ ਸਮੱਸਿਆ ਆਮ ਤੌਰ 'ਤੇ ਟੈਂਕ ਵਿੱਚ ਸਥਿਰ ਪਾਣੀ ਵਿੱਚ ਆ ਜਾਂਦੀ ਹੈ। ਡਰਿੱਪ ਸਿਸਟਮ ਵਿੱਚ ਕਾਈ ਦੀ ਸਮੱਸਿਆ ਉਦੋਂ ਆਉਂਦੀ ਹੈ, ਜਦੋਂ ਅਸੀਂ ਪਾਣੀ ਨੂੰ ਟੋਬਿਆਂ ਜਾਂ ਸਟੋਰੇਜ ਟੈਂਕ ਵਿੱਚ ਚੁੱਕ ਕੇ ਵਰਤਦੇ ਹਾਂ ਅਤੇ ਪਾਰਦਰਸ਼ੀ ਪਾਈਪਾਂ ਦੀ ਵਰਤੋਂ ਕਰਦੇ ਹਾਂ। ਇਸ ਲਈ ਤੁਪਕਾ ਸਿੰਚਾਈ ਪ੍ਰਣਾਲੀ ਵਿੱਚ ਪਾਈਪਾਂ ਨੂੰ ਮਿੱਟੀ ਦੇ ਹੇਠਾਂ ਦਬਾ ਕੇ ਰੱਖਿਆ ਜਾਂਦਾ ਹੈ ਅਤੇ ਕਾਲੇ ਰੰਗ ਦੀਆਂ ਲੇਟਰਲ ਪਾਈਪਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਦੀ ਵਰਤੋਂ ਕਰਨ ਨਾਲ ਸੂਰਜੀ ਰੋਸ਼ਨੀ ਪਾਈਪਾਂ ਵਿੱਚੋਂ ਦੀ ਨਹੀਂ ਲੰਘਦੀ, ਜਿਸ ਕਰ ਕੇ ਇਨ੍ਹਾਂ ਵਿੱਚ ਕਾਈ ਨਹੀਂ ਜੰਮਦੀ। ਜੇਕਰ ਫਿਰ ਵੀ ਕਾਈ ਪਾਈਪਾਂ ਵਿੱਚ ਜੰਮ੍ਹ ਜਾਵੇ ਤਾਂ ਕਲੋਰੀਨੇਸ਼ਨ ਵਿਧੀ ਨਾਲ ਇਸ ਨੂੰ ਹਟਾਇਆ ਜਾ ਸਕਦਾ ਹੈ।

ਕਈ ਵਾਰ ਘੁਲਣਸ਼ੀਲ ਖਾਦਾਂ ਦੀ ਵਰਤੋਂ ਨਾਲ ਵੀ ਡਰਿੱਪਰ ਕਲੀਰਿੰਗ ਦੀ ਸਮੱਸਿਆ ਆ ਜਾਂਦੀ ਹੈ। ਫਾਸਫੋਰਸ ਤੱਤ ਵਾਲੀ ਖਾਦ ਖਾਸ ਕਰਕੇ ਪਾਣੀ ਵਿਚਲੇ ਮਾਦੇ ਨਾਲ ਪ੍ਰਤੀਕਰਮ ਕਰਕੇ ਡਰਿੱਪਰ ਕਲੋਗ ਕਰ ਸਕਦੀ ਹੈ। ਕਲੋਰੀਨੇਸ਼ਨ ਨਾਲ ਇਸ ਸਮੱਸਿਆ ਦਾ ਹੱਲ ਹੋ ਸਕਦਾ ਹੈ।

**- ਡਾ. ਜੁਗਰਾਜ ਸਿੰਘ, ਡਾ. ਦੇਨੇਸ਼ਵਰ ਮਦਨੇ, ਡਾ. ਰਾਕੇਸ਼ ਸ਼ਾਰਦਾ**

# ਰੁੱਖ ਲਗਾਉਣ ਦੀ ਕਰੋ ਤਿਆਰੀ

**ਪੰਜਾਬ ਵਿੱਚ ਰੁੱਖਾਂ ਦੀ ਬਹੁਤ ਘਾਟ ਹੈ । ਜਨਵਰੀ ਵਿੱਚ ਪਤਝੜੀ ਪੌਦੇ ਲਗਾਏ ਜਾਂਦੇ ਹਨ । ਇਹ ਕੇਵਲ ਇਸੇ ਮਹੀਨੇ ਲਗਾਏ ਜਾ ਸਕਦੇ ਹਨ...**



ਪੰਜਾਬ ਵਿੱਚ ਰੁੱਖਾਂ ਦੀ ਘਾਟ ਹੈ । ਜੰਗਲ ਤਾਂ ਹੈ ਹੀ ਨਹੀਂ ਹਨ । ਰੁੱਖ ਲਗਾਉਣ ਦਾ ਮੌਸਮ ਆ ਰਿਹਾ ਹੈ । ਜਨਵਰੀ ਵਿੱਚ ਪਤਝੜੀ ਰੁੱਖ ਲਗਾਏ ਜਾਂਦੇ ਹਨ । ਇਹ ਕੇਵਲ ਇਸੇ ਮਹੀਨੇ ਲਗਾਏ ਜਾ ਸਕਦੇ ਹਨ ਜਦੋਂ ਕਿ ਸਦਾਬਹਾਰ ਰੁੱਖ ਸਾਲ ਵਿੱਚ ਦੋ ਵਾਰ ਫਰਵਰੀ-ਮਾਰਚ ਅਤੇ ਜੁਲਾਈ-ਅਗਸਤ ਵਿੱਚ ਲਗਾਏ ਜਾ ਸਕਦੇ ਹਨ । ਪਤਝੜੀ ਰੁੱਖਾਂ ਦੇ ਬੂਟਿਆਂ ਨੂੰ ਨੰਗੀਆਂ ਜੜ੍ਹਾਂ ਨਾਲ ਵੀ ਇੱਕ ਤੋਂ ਦੂਜੀ ਥਾਂ ਲਿਜਾਇਆ ਜਾ ਸਕਦਾ ਹੈ । ਇਸ ਵਾਰ ਕੁੱਝ ਪਤਝੜੀ ਰੁੱਖ ਜ਼ਰੂਰ ਲਗਾਏ ਜਾਣ । ਇਨ੍ਹਾਂ ਦੇ ਹਰ ਸਾਲ ਪੁਰਾਣੇ ਪੱਤੇ ਝੜ ਜਾਂਦੇ ਹਨ । ਇੰਝ ਪੱਤਿਆਂ ਉੱਤੇ ਪਿਆ ਮਿੱਟੀ ਘੱਟਾ ਜਾਂ ਕੋਈ ਬਿਮਾਰੀ ਵੀ ਖ਼ਤਮ ਹੋ ਜਾਂਦੀ ਹੈ । ਬਸੰਤ ਵਿੱਚ ਨਵੇਂ ਨਿਕਲਦੇ ਪੱਤੇ ਸੁੰਦਰ ਨਜ਼ਾਰਾ ਪੇਸ਼ ਕਰਦੇ ਹਨ । ਟਾਹਲੀ, ਭੂਤ, ਡੇਕ, ਸ਼ਰੀਂਹ ਆਦਿ ਪੰਜਾਬ ਦੇ ਰਿਵਾਇਤੀ ਪਤਝੜੀ ਰੁੱਖ ਹਨ । ਇਨ੍ਹਾਂ ਨੂੰ ਜਨਵਰੀ ਵਿੱਚ ਲਗਾਇਆ ਜਾ ਸਕਦਾ ਹੈ ।

ਪੰਜਾਬ ਵਿੱਚ ਸਿੰਚਾਈ ਸਹੂਲਤਾਂ ਦੇ ਵਾਧੇ ਨਾਲ ਵੱਧ ਧਰਤੀ ਫ਼ਸਲ ਹੇਠ ਲਿਆਉਣ ਦੇ ਲਾਲਚ ਨਾਲ ਕਿਸਾਨਾਂ ਨੇ ਰੁੱਖਾਂ ਦੀ ਕਟਾਈ ਕਰ ਦਿੱਤੀ । ਕਦੇ ਹਰੇਕ ਪਿੰਡ ਆਪਣੀ ਝਿੜੀ (ਜੰਗਲੀ) ਹੁੰਦੀ ਸੀ । ਉਹ ਵੀ ਅਲੋਪ ਹੋ ਗਈਆਂ ਹਨ । ਸੜਕਾਂ ਕਿਨਾਰੇ ਹੀ ਰੁੱਖ ਸਨ, ਸੜਕਾਂ ਚੌੜੀਆਂ ਕਰਨ ਕਰਕੇ ਰੁੱਖ ਕੱਟੇ ਗਏ ਹਨ । ਸੜਕਾਂ ਹੁਣ ਵਿਰਾਨ ਨਜ਼ਰ ਆਉਂਦੀਆਂ ਹਨ । ਸੜਕਾਂ ਚੌੜੀਆਂ ਹੋਣ ਨਾਲ ਗੱਡੀਆਂ ਦੀ ਰਫ਼ਤਾਰ ਵਿੱਚ ਵਾਧਾ ਹੋਣਾ ਹੀ ਸੀ । ਨਤੀਜਨ ਸੜਕ ਹਾਦਸਿਆਂ ਵਿੱਚ ਵਾਧਾ ਹੋ ਰਿਹਾ ਹੈ । ਨਿੱਤ ਹੀ ਜਾਨਾਂ ਜਾਣ ਦੀਆਂ ਖ਼ਬਰਾਂ ਮਿਲਦੀਆਂ ਹਨ । ਸੜਕ ਸਲੀਕੇ ਦੀ ਘਾਟ ਇਸ ਦਾ ਮੁੱਖ ਕਾਰਨ ਹੈ । ਰੁੱਖਾਂ ਦੀ ਘਾਟ ਨਾਲ ਜਿੱਥੇ ਤਪਸ਼ ਵਿੱਚ ਵਾਧਾ ਹੋਇਆ ਉੱਥੇ ਮੀਂਹ ਪੈਣੇ ਵੀ ਘੱਟ ਗਏ ਹਨ । ਹੁਣ ਸਾਉਣ ਦੇ ਮਹੀਨੇ ਹਫ਼ਤਾ ਭਰ ਲੱਗਣ ਵਾਲੀਆਂ ਝੜੀਆਂ ਨਹੀਂ ਲੱਗਦੀਆਂ । ਤਪਸ਼ ਵਿੱਚ ਹੋਏ ਵਾਧੇ ਦਾ ਅਸਰ ਇਸ ਵਾਰ ਕਣਕ ਦੇ ਝਾੜ ਉੱਤੇ ਪਿਆ ਤੇ ਕਿਸਾਨਾਂ ਨੂੰ ਚੋਖਾ ਨੁਕਸਾਨ ਝਲਣਾ ਪਿਆ ।

ਹੁਣ ਮੁੜ ਰੁੱਖ ਲਗਾਉਣ ਦੀ ਰੁੱਤ ਆਈ ਹੈ । ਪੰਜਾਬ ਵਿੱਚ ਹਰੇਕ ਵਰ੍ਹੇ ਲੱਖਾਂ ਨਵੇਂ ਰੁੱਖ ਲਗਾਏ ਜਾਂਦੇ ਹਨ ਪਰ ਸੂਬੇ ਵਿੱਚ ਰੁੱਖਾਂ ਦੀ ਗਿਣਤੀ ਘੱਟ ਰਹੀ ਹੈ । ਇਸ ਦਾ ਮੁੱਖ ਕਾਰਨ ਨਵੇਂ ਲਗਾਏ ਰੁੱਖਾਂ ਦੀ ਸਾਂਭ-ਸੰਭਾਲ ਨਹੀਂ ਕੀਤੀ ਜਾਂਦੀ । ਇਸ ਵਾਰ ਨਵੀਂ ਸਰਕਾਰ ਨੇ ਸ਼ਹੀਦ ਭਗਤ ਸਿੰਘ ਹਰਿਆਵਲ ਲਹਿਰ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ ਤੇ ਇਸ ਤਹਿਤ 60 ਲੱਖ ਬੂਟੇ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ । ਪਿਛਲੀ ਸਰਕਾਰ ਨੇ ਵੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550 ਪ੍ਰਕਾਸ਼ ਪੁਰਬ ਸਮੇਂ ਇਸੇ ਤਰ੍ਹਾਂ ਦੀ ਸਕੀਮ ਬਣਾਈ ਸੀ ਪਰ ਉਸ ਦੇ ਨਤੀਜੇ ਕਿਤੇ ਵੀ ਨਜ਼ਰ ਨਹੀਂ ਆ ਰਹੇ ਹਨ । ਕੁੱਝ ਨਿੱਜੀ ਜਥੇਬੰਦੀਆਂ ਵਲੋਂ ਸ਼ਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ । ਨਵੀਂ ਸਰਕਾਰ ਆਪਣੇ ਬਚਨਾਂ ਉੱਤੇ ਕਿਤਨਾ ਕੁ ਪੂਰੀ ਉਤਰਦੀ ਹੈ ਇਹ ਤਾਂ ਸਮਾਂ ਹੀ ਦੱਸੇਗਾ ਪਰ ਪਿੰਡਾਂ ਦੀ ਪੰਚਾਇਤਾਂ ਨੂੰ ਅੱਗੇ ਹੋ ਕੇ ਇਹ ਕਾਰਜ ਕਰਨਾ ਚਾਹੀਦਾ ਹੈ । ਪਿੰਡ ਵਿੱਚ ਮੁੜ ਝਿੜੀਆਂ ਅਤੇ ਛੱਪੜਾਂ ਨੂੰ ਸੁਰਜੀਤ ਕਰਨ ਦੀ ਲੋੜ ਹੈ । ਲੋਕ ਸਹਿਯੋਗ ਬਗੈਰ ਇਸ ਪਾਸੇ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ । ਪੰਜਾਬ ਵਿੱਚ ਰੁੱਖ ਲਗਾਉਣ ਦਾ ਤਿੰਨ ਧਿਰੀ ਪ੍ਰੋਗਰਾਮ ਚਲਾਉਣਾ ਚਾਹੀਦਾ ਹੈ । ਪੰਚਾਇਤਾਂ ਰਾਹੀਂ ਹਰੇਕ ਪਿੰਡ ਵਿੱਚ ਝਿੜੀ ਕਾਇਮ ਕੀਤੀ ਜਾਵੇ । ਸੜਕਾਂ ਅਤੇ ਨਹਿਰਾਂ ਦੇ ਕੰਢਿਆਂ ਉੱਤੇ ਸੰਬੰਧਿਤ ਮਹਿਕਮੇ ਰੁੱਖ ਲਗਾਉਣ ਦੀ ਮੁਹਿੰਮ ਚਲਾਉਣ ਪਰ ਇਸ ਦੇ ਨਾਲ ਹੀ ਸਾਂਭ ਸੰਭਾਲ ਦੀ ਜ਼ੁੰਮੇਵਾਰੀ ਵੀ ਲੈਣ । ਕਈ ਥਾਂਵੀ ਵੇਖਣ ਵਿੱਚ ਆਇਆ ਹੈ ਕਿ ਨਹਿਰੀ ਅਮਲਾ ਨਹਿਰ ਤੇ ਕੰਢਿਆਂ ਦੀ ਸਫ਼ਾਈ ਕਰਕੇ ਇਕੱਠੇ ਕੀਤੇ ਘਾਹ ਨੂੰ ਅੱਗ ਲਗਾ ਦਿੰਦੇ ਹਨ ਇਸ ਨਾਲ ਨਵੇਂ ਲਗਾਏ ਸਾਰੇ ਬੂਟੇ ਸੜ ਜਾਂਦੇ ਹਨ । ਧਾਰਮਿਕ ਕੇਂਦਰਾਂ ਵੱਲੋਂ ਵੀ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ ਕਰਨੀ ਚਾਹੀਦੀ ਹੈ । ਬਾਬਾ ਸੇਵਾ ਸਿੰਘ ਜੀ ਨੇ ਖਡੂਰ ਸਾਹਿਬ ਨੂੰ ਜਾਂਦੇ ਸਾਰੇ ਰਾਹਾਂ ਨੂੰ ਰੁੱਖਾਂ ਨਾਲ ਸ਼ਿੰਗਾਰਿਆ ਹੈ । ਸਾਰੀਆਂ ਕਮੇਟੀਆਂ ਨੂੰ ਚਾਹੀਦਾ ਹੈ ਕਿ ਗੁਰੂ ਘਰਾਂ ਨੂੰ ਜਾਂਦੇ ਰਾਹਾਂ ਨੂੰ ਸੁੰਦਰ ਫੁੱਲਾਂ ਵਾਲੇ ਰੁੱਖਾਂ ਨਾਲ ਸ਼ਿੰਗਾਰਿਆ ਜਾਵੇ । ਇਸ ਨਾਲ ਮਾਹੌਲ ਸੁਖਾਵਾਂ ਬਣੇਗਾ । ਕਿਸਾਨਾਂ ਨੂੰ ਵੀ ਚਾਹੀਦਾ ਹੈ ਕਿ ਆਪਣੀ ਬੰਬੀ ਉੱਤੇ ਪੰਜ ਰੁੱਖ ਲਗਾਉਣ । ਮੈਂ ਪਿਛਲੇ ਕਈ ਸਾਲਾਂ ਤੋਂ ਇਸ ਦਾ ਪ੍ਰਚਾਰ ਕਰ ਰਿਹਾ ਹਾਂ । ਕੁਝ ਕਿਸਾਨਾਂ ਨੇ ਵਧੀਆ ਹੁੰਗਾਰਾ ਦਿੱਤਾ ਹੈ । ਇਸ ਵਿੱਚ ਇੱਕ ਨਿੰਬੂ, ਅਮਰੂਦ, ਬੇਰੀ, ਨਿੰਮ ਤੇ ਬਰਮਾ ਡੇਕ ਲਗਾਏ ਜਾ ਸਕਦੇ ਹਨ । ਅੰਬ ਤੇ ਕਿਨੂੰ ਵੀ ਲਗਾਇਆ ਜਾ ਸਕਦਾ ਹੈ ।

ਪੰਜਾਬ ਵਿਚ ਹਰੇਕ ਵਰ੍ਹੇ ਲੱਖਾਂ ਨਵੇਂ ਰੁੱਖ ਲਗਾਏ ਜਾਂਦੇ ਹਨ ਪਰ ਮੁੜ ਕੋਈ ਦੇਖਭਾਲ ਨਹੀਂ ਕਰਦਾ ਤੇ ਉਹ ਮਰ ਜਾਂਦੇ ਹਨ । ਜਿੱਥੇ ਰੁੱਖ ਲਗਾਉਣੇ ਹਨ ਉੱਥੇ ਪਹਿਲਾਂ ਟੋਏ ਪੁੱਟੋ । ਇਹ ਟੋਇਆ ਇੱਕ ਮੀਟਰ ਡੂੰਘਾ ਤੇ ਇੱਕ ਮੀਟਰ ਘੇਰੇ ਵਾਲਾ ਹੋਵੇ । ਇਸ ਨੂੰ ਇੱਕ ਹਿੱਸਾ ਵਧੀਆ ਰੂੜੀ ਤੇ ਤਿੰਨ ਹਿੱਸੇ ਮਿੱਟੀ ਨਾਲ ਪਰ ਦੇਵੋ । ਇੱਥੇ ਹੀ ਨਵਾਂ ਬੂਟਾ ਲਗਾਵੋ । ਜੇਕਰ ਹੋ ਸਕੇ ਤਾਂ ਇਸ ਦੁਆਲੇ ਲੋਹੇ ਦੇ ਜੰਗਲੇ ਲਗਾਵੋ । ਇੱਕ ਆਦਮੀ ਦੀ ਡਿਊਟੀ ਲਗਾਈ ਜਾਵੇ ਜਿਹੜਾ ਪਾਣੀ ਦੇਵੇ ਤੇ ਹੋਰ ਦੇਖਭਾਲ ਕਰੇ । ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਰੁੱਖ ਅਤੇ ਮਨੁੱਖ ਦੀ ਮੁੱਢ ਕਦੀਮ ਤੋਂ ਸਾਂਝ ਹੈ । ਮੁੱਢ ਕਦੀਮ ਵਿੱਚ



**ਡਾ. ਰਣਜੀਤ ਸਿੰਘ**

ਰੁੱਖ ਹੀ ਮਨੁੱਖ ਦੇ ਘਰ ਸਨ ਤੇ ਇਨ੍ਹਾਂ ਤੋਂ ਹੀ ਭੋਜਨ ਪ੍ਰਾਪਤ ਹੁੰਦਾ ਸੀ । ਨਵੀਂ ਪੀੜ੍ਹੀ ਦੀ ਤਾਂ ਰੁੱਖਾਂ ਨਾਲ ਸਾਂਝ ਹੀ ਖ਼ਤਮ ਹੋ ਗਈ ਹੈ ਉਨ੍ਹਾਂ ਨੂੰ ਰੁੱਖ ਹੇਠ ਬੈਠ ਗਰਮੀ ਦੀ ਕੋਈ ਦੁਪਹਿਰ ਕੱਟਣ ਦਾ ਮੌਕਾ ਹੀ ਨਹੀਂ ਮਿਲਦਾ । ਵੱਧ ਰਹੀ ਆਲਮੀ ਤਪਸ਼ ਨੂੰ ਘੱਟ ਕਰਨ ਲਈ ਰੁੱਖ ਇੱਕ ਵਧੀਆ ਵਸੀਲਾ ਹਨ । ਸ਼ਹਿਰੀਆਂ ਦੇ ਨਸੀਬ ਵਿੱਚ ਰੁੱਖਾਂ ਦੀ ਛਾਂ ਹੈ ਹੀ ਨਹੀਂ, ਪਰ ਪਿੰਡਾਂ ਦੇ ਲੋਕ ਵੀ ਰੁੱਖਾਂ ਤੋਂ ਦੂਰ ਹੋ ਰਹੇ ਹਨ । ਕਦੇ ਸਮਾਂ ਸੀ ਜਦੋਂ ਗਰਮੀਆਂ ਦੀਆਂ ਲੰਬੀਆਂ ਦੁਪਹਿਰਾਂ ਰੁੱਖਾਂ ਦੀ ਛਾਵੇਂ ਹੀ ਕੱਟੀਆਂ ਜਾਂਦੀਆਂ ਸਨ । ਰੁੱਖਾਂ ਹੇਠ ਉਸ ਵੇਲੇ ਸਾਫ਼ ਆਕਸੀਜਨ ਦੀ ਬਹੁਤਾਤ ਹੁੰਦੀ ਹੈ, ਜਿਹੜੀ ਕਿ ਮਨੁੱਖੀ ਜੀਵਨ ਦੀ ਲੋੜ ਹੈ । ਗੁਰੂ ਸਾਹਿਬਾਨ ਨੇ ਤਾਂ ਰੁੱਖਾਂ ਨੂੰ ਰੱਬ ਦਾ ਰੂਪ ਵੀ ਮੰਨਿਆ ਹੈ । ਰੁੱਖਾਂ ਵਿੱਚ ਸਾਰੇ ਹੀ ਰੱਬੀ ਗੁਣ ਹੁੰਦੇ ਹਨ । ਰੁੱਖ ਕਿਸੇ ਦਾ ਬੁਰਾ ਨਹੀਂ ਲੋਚਦੇ, ਸ਼ਰਨ ਆਏ ਨੂੰ ਠੰਡੀ ਛਾਂ ਦਿੰਦੇ ਹਨ । ਫ਼ਲਦਾਰ ਬੂਟੇ ਸਿਹਤ ਲਈ ਅਤਿ ਜ਼ਰੂਰੀ ਤਾਜ਼ੇ ਫ਼ਲ ਦਿੰਦੇ ਹਨ । ਉਹ ਪੰਛੀਆਂ ਤੇ ਪਸ਼ੂਆਂ ਦਾ ਭੋਜਨ ਅਤੇ ਵਸੇਰਾ ਬਣਦੇ ਹਨ । ਰੁੱਖਾਂ ਦੀ ਲਕੜੀ ਮਨੁੱਖ ਦੇ ਅਨੇਕਾਂ ਕਾਰਜ ਸੁਆਰਦੀ ਹੈ । ਰੁੱਖ ਕੇਵਲ ਹਵਾ ਨੂੰ ਸ਼ੁੱਧ ਹੀ ਨਹੀਂ ਕਰਦੇ ਸਗੋਂ ਵਾਤਾਵਰਣ ਦੇ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਸਹਾਈ ਹੁੰਦੇ ਹਨ । ਮੀਂਹ ਪੁਆਉਣ ਅਤੇ ਮੀਂਹ ਦੇ ਪਾਣੀ ਦੀ ਸੰਭਾਲ ਵੀ ਰੁੱਖ ਹੀ ਕਰਦੇ ਹਨ । ਧਰਤੀ ਦੇ ਕਟਾਵ ਨੂੰ ਰੋਕਦੇ ਹਨ । ਰੁੱਖ ਚੌਗਿਰਦੇ ਨੂੰ ਸੁੰਦਰ ਬਣਾਉਂਦੇ ਤੇ ਮਹਿਕਾਉਂਦੇ ਹਨ । ਇਸ ਕਰਕੇ ਸਾਡੇ ਰਿਸ਼ੀ ਮੁਨੀਆਂ ਨੇ ਰੁੱਖਾਂ ਹੇਠ ਬੈਠ ਭਗਤੀ ਕੀਤੀ । ਗੁਰੂ ਸਾਹਿਬਾਨ ਤਾਂ ਰੁੱਖਾਂ ਅਤੇ ਕੁਦਰਤ ਦੇ ਅੰਗਸੰਗ ਹੀ ਰਹੇ । ਉਨ੍ਹਾਂ ਆਪਣਾ ਉਪਦੇਸ਼ ਰੁੱਖਾਂ ਦੀ ਛਾਵੇਂ ਬੈਠ ਕੇ ਹੀ ਲੋਕਾਈ ਤੱਕ ਪਹੁੰਚਾਇਆ । ਸਿੱਖ ਧਰਮ, ਜਬਰ, ਜ਼ੁਲਮ, ਉਚ ਨੀਚ, ਜਾਤਪਾਤ ਤੇ ਅੰਨਿਆ ਵਿਰੁੱਧ ਸੰਘਰਸ਼ ਦਾ ਨਾਮ ਹੈ । ਗਰੀਬ ਤੇ ਨਿਮਾਣੇ ਲੋਕ ਰੁੱਖਾਂ ਦੀ ਸ਼ਰਨ ਹੀ ਲੈਂਦੇ ਹਨ । ਸ਼ਾਇਦ ਇਸੇ ਕਰਕੇ ਗੁਰੂ ਸਾਹਿਬਾਨ ਨੇ ਬਹੁਤੀ ਵੇਰ ਸੰਗਤਾਂ ਨੂੰ ਉਪਦੇਸ਼ ਰੁੱਖਾਂ ਹੇਠ ਬੈਠ ਕੇ ਹੀ ਦਿੱਤਾ ਸੀ ।

ਗੁਰੂ ਸਾਹਿਬਾਨ ਨੇ ਦੋ ਸਦੀਆਂ ਤੋਂ ਵੀ ਵੱਧ ਸਮੇਂ ਤੱਕ ਸਾਨੂੰ ਕੁਦਰਤ ਨਾਲ ਇੱਕਮਿਕਤਾ ਦੀ ਜਾਂਚ ਸਿਖਾਈ । ਰੱਬੀ ਹੁਕਮ ਤੇ ਰਜਾ ਵਿੱਚ ਜਿਉਣ ਦਾ ਮੰਤਰ ਪੜ੍ਹਾਇਆ । ਇਸੇ ਜੀਵਨ ਜਾਚ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਜੁਗੋ ਜੁਗ ਅਟੱਲ ਕਰ ਦਿੱਤਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦਾ ਬਹੁਤਾ ਹਿੱਸਾ ਰੁੱਖਾਂ ਹੇਠ ਬੈਠ ਕੇ ਹੀ ਉਚਾਰਿਆ ਗਿਆ ਹੈ । ਇੰਝ ਰੁੱਖਾਂ ਦੀ ਸਰਸਰਾਹਟ ਬਾਣੀ ਦੇ ਅੰਗ-ਸੰਗ ਰਹੀ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰੇ ਉਦਾਸੀਆਂ ਦੌਰਾਨ ਬਹੁਤਾ ਸਮਾਂ ਰੁੱਖਾਂ ਹੇਠ ਬੈਠ ਕੇ ਹੀ ਆਪਣੀ ਬਾਣੀ ਰਾਹੀਂ ਲੋਕਾਈ ਦੀ ਸੋਚ ਅਤੇ ਅਮਲਾਂ ਵਿੱਚ ਇਨਕਲਾਬੀ ਤਬਦੀਲੀ ਲਿਆਂਦੀ ਸੀ ।

ਜਦੋਂ ਅਸੀਂ ਇਹ ਜਾਣਦੇ ਹਾਂ ਕਿ ਮਨੁੱਖੀ ਜੀਵਨ ਰੁੱਖਾਂ ਉੱਤੇ ਹੀ ਨਿਰਭਰ ਹੈ, ਫਿਰ ਅਸੀਂ ਰੁੱਖਾਂ ਤੋਂ ਬੇਮੁੱਖ ਕਿਉਂ ਹੋ ਰਹੇ ਹਾਂ । ਸਾਡੇ ਬਹੁਤੇ ਦੁੱਖਾਂ ਦਾ ਕਾਰਨ ਇੰਝ ਬੇਮੁੱਖ ਹੋਣਾ ਹੈ । ਰੁੱਖਾਂ ਨਾਲੋਂ ਸਾਡੀ ਸਾਂਝ ਟੁੱਟ ਰਹੀ ਹੈ । ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਅਖਵਾਉਣ ਵਾਲਿਆਂ ਨੂੰ ਤਾਂ ਵਿਸ਼ੇਸ਼ ਕਰਕੇ ਆਤਮ-ਝਾਤ ਪਾਉਣ ਦੀ ਲੋੜ ਹੈ । ਰੁੱਖਾਂ ਤੋਂ ਬੇਰੁੱਖੀ ਆਪਣੇ ਗੁਰੂ ਤੋਂ ਬੇਮੁੱਖ ਹੋਣ ਦੇ ਬਰਾਬਰ ਹੈ । ਇਸ ਬੇਰੁੱਖੀ ਨੂੰ ਰੋਕਣ ਅਤੇ ਰੁੱਖਾਂ ਨਾਲ ਪਿਆਰ ਵਧਾਉਣ ਵੱਲ ਸਿੱਖਾਂ ਦੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਹਿਲ ਕਰਨੀ ਚਾਹੀਦੀ ਹੈ । ਇਸ ਸੰਸਥਾ ਦੇ ਪ੍ਰਬੰਧ ਹੇਠ ਚਲ ਰਹੇ ਬਹੁਤ ਸਾਰੇ ਗੁਰਦੁਆਰਾ ਸਾਹਿਬ ਅਜਿਹੇ ਹਨ, ਜਿਨ੍ਹਾਂ ਕੋਲ ਆਪਣੀ ਜ਼ਮੀਨ ਹੈ । ਇਸ ਜ਼ਮੀਨ ਨੂੰ ਠੇਕੇ ਉੱਤੇ ਦੇਣ ਦੀ ਥਾਂ ਇੱਥੇ ਬਗੀਚੇ ਬਣਾਏ ਜਾਣ । ਰੁੱਖਾਂ ਦੇ ਨਾਲੋਂ-ਨਾਲ ਫ਼ਲਦਾਰ ਬੂਟੇ ਵੀ ਲਗਾਏ ਜਾ ਸਕਦੇ ਹਨ ਤਾਂ ਜੋ ਖ਼ਰਚੇ ਪੂਰੇ ਕੀਤੇ ਜਾ ਸਕਣ । ਇਸ ਸੰਬੰਧੀ ਯੋਜਨਾ ਪਹਿਲੇ ਦੇ ਆਧਾਰ ਉੱਤੇ ਤਿਆਰ ਕੀਤੀ ਜਾਵੇ । ਸਾਰੇ ਗੁਰੂ ਘਰਾਂ ਦੇ ਚੌਗਿਰਦੇ ਅਤੇ ਵਿਹੜੇ ਵਿੱਚ ਫ਼ਲਾਂ ਅਤੇ ਰੁੱਖ ਲਗਾਏ ਜਾਣ । ਇੰਝ ਵਾਤਾਵਰਨ ਸੁਗੰਧੀ ਭਰਿਆ ਅਤੇ ਸ਼ਾਂਤ ਹੋ ਜਾਵੇਗਾ, ਜਿਹੜਾ ਕਿ ਲਿਵ ਲਗਾਉਣ ਲਈ ਮੁੱਢਲੀ ਲੋੜ ਹੈ । ਗੁਰੂ ਘਰਾਂ ਨੂੰ ਆਉਣ ਵਾਲੇ ਰਾਹਾਂ ਨੂੰ ਛਾਂ ਵਾਲੇ ਰੁੱਖਾਂ ਨਾਲ ਸ਼ਿੰਗਾਰਿਆ ਜਾਵੇ । ਖਡੂਰ ਸਾਹਿਬ ਵਿਖੇ ਇਹ ਤਜ਼ਰਬਾ ਬਹੁਤ ਸਫ਼ਲ ਹੋਇਆ ਹੈ । ਰੁੱਖਾਂ ਦੀ ਸਾਂਭ ਸੰਭਾਲ ਰਾਹ ਨਾਲ ਲੱਗਦੇ ਘਰਾਂ ਜਾਂ ਖੇਤਾਂ ਦੇ ਮਾਲਕਾਂ ਨਾਲ ਰਲ ਕੇ ਕੀਤੀ ਜਾਵੇ । ਸ਼ਹਿਰਾਂ ਵਿੱਚ ਵੀ ਅਜਿਹਾ ਕੀਤਾ ਜਾ ਸਕਦਾ ਹੈ । ਸਿੱਖ ਸੰਗਤ ਨੂੰ ਪ੍ਰੇਰਿਆ ਜਾਵੇ ਕਿ ਉਨ੍ਹਾਂ ਵੱਲੋਂ ਰੁੱਖ ਸੇਵਾ ਗੁਰੂ ਸੇਵਾ ਸਮਝ ਕੇ ਕੀਤੀ ਜਾਵੇ । ਪੰਜ ਰੁੱਖੀ ਦਾ ਸੰਕਲਪ ਗੁਰੂ ਦਾ ਹੁਕਮ ਮੰਨ ਕੇ ਪੂਰੀ ਸ਼ਰਧਾ ਨਾਲ ਨੇਪਰੇ ਚਾੜ੍ਹਿਆ ਜਾਵੇ । ਸਕੂਲਾਂ ਦੇ ਵਿਹੜਿਆਂ ਅਤੇ ਚੌਗਿਰਦਿਆਂ ਨੂੰ ਰੁੱਖਾਂ ਨਾਲ ਸ਼ਿੰਗਾਰਿਆ ਜਾਵੇ । ਰੁੱਖ ਲਗਾਉਣੇ ਇੱਕ ਰਸਮ ਤੱਕ ਹੀ ਸੀਮਤ ਨਾ ਰਹਿਣ ਸਗੋਂ ਇਨ੍ਹਾਂ ਦੀ ਪੂਰੀ ਜ਼ੁੰਮੇਵਾਰੀ ਨਾਲ ਦੇਖਭਾਲ ਕੀਤੀ ਜਾਵੇ । ਜੇਕਰ ਅਸੀਂ ਆਪਣੇ ਇਤਿਹਾਸਕ ਧਰਮ ਸਥਾਨਾਂ ਨੂੰ ਰੁੱਖਾਂ ਦਾ ਨਾਮ ਦਿੱਤਾ ਹੈ ਤਾਂ ਫਿਰ ਰੁੱਖਾਂ ਦਾ ਪੂਰਾ ਸਤਿਕਾਰ ਹੀ ਕੀਤਾ ਜਾਣਾ ਚਾਹੀਦਾ ਹੈ । ਅਸੀਂ ਸਾਰੇ ਜਾਣਦੇ ਹਾਂ ਕਿ 'ਇੱਕ ਰੁੱਖ ਸੌ ਸੁੱਖ' । ਫਿਰ ਭਲਾ ਅਸੀਂ ਆਪਣੇ ਆਪ ਨੂੰ ਰੁੱਖਾਂ ਤੋਂ ਵਾਂਝਾ ਕਿਉਂ ਰੱਖ ਰਹੇ ਹਾਂ ।



# ਵਿਸਰ ਗਈਆਂ ਜੋ ਖਾਧ-ਖੁਰਾਕਾਂ

ਅਵਤਾਰ ਸਿੰਘ ਬਿਲਿੰਗ
ਮੋ. 82849-09596

ਸਾਡੇ ਬਚਪਨ ਵਿੱਚ ਖਾਧ ਖੁਰਾਕ ਬਹੁਤ ਸਾਦੀ ਸੀ ਅਤੇ ਭਾਰੀ ਵੀ । ਸਾਥੋਂ ਪਹਿਲੀ ਪੀੜ੍ਹੀ ਵਿੱਚ ਬੇਹੱਦ ਪੌਸ਼ਟਿਕ ਸੀ । ਤਾਇਆ ਦੱਸਦਾ ਹੁੰਦਾ, ਉਹ ਚਾਹ ਨੂੰ ਜਾਣਦੇ ਨਹੀਂ ਸੀ । ਸਵੇਰੇ ਚਾਟੀ ਦੀ ਰਿੜਕੀ ਲੱਸੀ, ਅੱਧਰਿੜਕਿਆ ਦਹੀਂ ਜਾਂ ਤਾਜ਼ੀ ਲੱਸੀ ਵਿਚ ਤਾਜ਼ਾ ਦੁੱਧ ਮਿਲਾ ਕੇ ਬਣਿਆ 'ਤਿਓੜ' ਪੀ ਕੇ ਹੱਲ ਜੋੜਦੇ । ਹਾਜ਼ਰੀ ਵਕਤ ਤੱਕ ਭੁੱਖ ਚਮਕਦੀ ਤਾਂ ਹਾਜ਼ਰੀ ਵੇਲੇ ਕਣਕ, ਜੌਂ, ਛੋਲਿਆਂ ਦੀ ਮਿੱਸ ਵਾਲੀ ਰੋਟੀ ਮੱਖਣ, ਪਿਆਜ਼ ਤੇ ਮੇਥੇ ਕਲੌਂਜੀ ਆਦਿ ਪਾ ਕੇ ਬਣਾਏ ਅੰਬ ਦੇ ਆਚਾਰ ਅਤੇ ਲੱਸੀ ਨਾਲ ਆ ਜਾਂਦੀ । ਤਾਇਆ ਆਂਹਦਾ ''ਇੱਕ ਵਾਰੀ ਢਿੱਬ ਵਾਂਗ ਭਰਿਆ, ਦੁਪਹਿਰ ਤੱਕ ਖਾਲੀ ਹੁੰਦਾ, ਉਦੋਂ ਮਾਂਹ ਦੀ ਦਾਲ ਨਾਲ ਘਿਓ ਚੋਂਦੇ ਕਣਕ ਦੇ ਫੁਲਕਿਆਂ ਵਾਲਾ 'ਦੁਪਹਿਰਾ' ਲੈ ਕੇ ਸਾਡੀ ਮਾਂ ਜਾ ਪਹੁੰਚਦੀ । ਹਾੜ੍ਹੀ ਵੱਢ ਕੇ ਆਇਆਂ ਨੂੰ ਨਿੱਤ ਆਥਣੇ ਸ਼ੱਕਰ ਘਿਓ ਮਿਲਣਾ । ਜਿਸ ਦਿਨ ਵਾਢੀ ਖਤਮ ਹੋਣੀ ਤਾਂ ਇੱਕ ਬਰਾਬਰ ਆਟਾ, ਘਿਓ ਤੇ ਮਿੱਠਾ ਪਾ ਕੇ ਤਿਹੌਲੇ ਦਾ ਕੜਾਹ ਬਣਦਾ ।''

ਵੀਹਵੀਂ ਸਦੀ ਦੇ ਆਰੰਭ ਵਿਚ ਜਨਮੀ ਉਸ ਪੀੜ੍ਹੀ ਨੇ ਵਿਆਹ ਸ਼ਾਦੀ ਮੌਕੇ ਕਾਂਜੀ ਬਣਦੀ ਤੇ ਵਰਤਦੀ ਦੇਖੀ ਸੀ । ਘਰ ਦੇ ਛੋਲਿਆਂ ਨੂੰ ਚੁਬੱਚੇ ਵਿਚ ਪੂਰੀ ਦਿਹਾੜੀ ਭਿੱਜਣ ਲਈ ਰੱਖਦੇ । ਫੇਰ ਦੋੜਿਆਂ ਉੱਪਰ ਕੜਕਦੀ ਧੁੱਪ ਵਿਚ ਸੁਕਾਉਂਦੇ । ਹੱਥਾਂ ਨਾਲ ਮਲ ਕੇ ਛਿਲਕਾ ਉਤਾਰਦੇ । ਛਿਲਕੇ ਸਮੇਤ ਘਰ ਦੀ ਚੱਕੀ ਵਿਚ ਮੋਟਾ ਪੀਹ ਕੇ ਵੇਸਣ ਬਣਾਉਂਦੇ ਜਿਸ ਨੂੰ ਦੇਸੀ ਸਰ੍ਹੋਂ ਦੇ ਤੇਲ ਕੇ ਪਕੌੜੇ ਕੱਢੇ ਜਾਂਦੇ । ਵੱਡੇ ਮੱਟਾ ਵਿਚ ਪਾਣੀ ਭਰਦੇ । ਅਨੁਪਾਤ ਅਨੁਸਾਰ, ਪਕੌੜੇ, ਰਾਈ, ਅਜਵੈਣ, ਕਲੌਂਜੀ ਕਾਲਾ ਨਮਕ ਆਦਿ ਪਾ ਕੇ ਛੱਡ ਦਿੰਦੇ । ਦੂਜੇ ਦਿਨ ਕਾਂਜੀ ਤਿਆਰ ਹੁੰਦੀ । ਵਿਆਹ ਸ਼ਾਦੀ ਵਿਚ ਸ਼ਰੀਕੇ ਕਬੀਲੇ ਨੂੰ ਇਸ ਕਾਂਜੀ ਅਤੇ ਮਾਂਹ ਦੀ ਦਾਲ ਪੋਲੀ (ਰੁਮਾਲੀ ਰੋਟੀ) ਨਾਲ ਰੋਟੀ ਵਰਤਾਈ ਜਾਂਦੀ ।

ਲੱਡੂ ਹੀ ਆਮ ਪ੍ਰਚੱਲਤ ਮਠਿਆਈ ਹੁੰਦੀ ਸੀ । ਪਿੰਡ ਦੀ ਪਰਜਾਪਤ ਬਰਾਦਰੀ ਬਰਾਤ ਨੂੰ ਗੜਬਿਆਂ ਨਾਲ ਘਿਓ ਬੂਰਾ ਵਰਤਾਉਣ ਲਈ ਮਸ਼ਹੂਰ ਸੀ । ਜਦੋਂ ਘਿਓ ਦਾ ਗੜਬਾ ਹੱਥ ਵਿਚ ਫੜੀ ਵਰਤਾਰਾ ਨੇੜੇ ਪਹੁੰਚਦਾ ਤਾਂ ਥਾਲ ਵਿਚ ਖਿਲਾਰੇ ਬੂਰੇ ਵਿਚ ਚੌੜਾ ਟੋਆ ਬਣਾਉਂਦਾ, ਘਿਓ ਖਾਣ ਦਾ ਸ਼ੌਕੀਨ ਬਰਾਤੀ ਆਪਣਾ ਮੂੰਹ ਦੂਜੀ ਤਰਫ ਘੁਮਾ ਲੈਂਦਾ । ਸੋ ਬੇਰੋਕ ਡੁੱਲ੍ਹੇ ਚੋਖੇ ਘੀ ਵਿਚ ਉਂਗਲ ਫੇਰਦਾ, ਉਹ ਥਾਲ ਨੂੰ ਮੂੰਹ ਲਾ ਕੇ ਪੀ ਜਾਂਦਾ । ਇੰਜ ਹੀ ਲੱਡੂਆਂ ਦੇ ਚੌਵੀ ਜੋਟੇ ਖਾ ਕੇ ਹਜ਼ਮ ਕਰਨ ਵਾਲੇ ਜ਼ਬਰਦਸਤ ਬੰਦੇ ਵੀ ਤਾਏ ਨੇ ਦੇਖੇ ਸਨ । ਅੱਧ ਸੇਰ ਪੱਕੇ ਘਿਓ ਦੇ ਕੜਾਹ ਦਾ ਟੀਸੀ ਲੱਗਿਆ ਥਾਲ ਵੀ ਕੋਈ ਵਿਰਲਾ ਆਦਮੀ ਖਾ ਜਾਂਦਾ । ਉਦੋਂ ਖੁਰਾਕ ਖਾਣ ਦੀਆਂ ਸ਼ਰਤਾਂ ਲੱਗਦੀਆਂ । ਤਾਏ ਨੇ ਥੁੜ੍ਹ ਦਾ ਜ਼ਮਾਨਾ ਵੀ ਦੇਖਿਆ ਜਦੋਂ ਕਿਸੇ ਘਰ ਆਟੇ ਦੀ ਕਮੀ ਹੁੰਦੀ, ਫੁਲਕਾ ਬਣਾਉਣ ਜੋਗਾ ਆਟਾ ਨਾ ਹੁੰਦਾ ਤਾਂ ਲੱਪ ਆਟੇ ਦੀ ਪਾਣੀ ਵਿਚ ਘੋਲ ਕੇ ਪੀ ਲੈਣੀ ਜਾਂ ਕਿਸੇ ਕਮਾਦ ਦੇ ਵਿਚਕਾਰ ਛੁਪਾ ਕੇ ਬੀਜੇ 'ਧੌਲੂ' ਇੱਖ ਦੇ ਪੋਲੇ ਗੰਨੇ ਮਾਲਕ ਤੋਂ ਚੋਰੀ ਚੂਪ ਕੇ ਪੇਟ ਭਰ ਲੈਣਾ । ਮੱਕੀ ਜਾਂ ਛੋਲਿਆਂ ਦੇ ਭੁੱਜੇ ਦਾਣੇ ਚੱਬਣਾ । ਜਵਾਰ ਦੇ ਸਿੱਟੇ ਭੁੰਨ ਕੇ ਚੱਬਣੇ ਆਦਿ ।

ਸੱਠਵਿਆਂ ਵਿੱਚ ਸਾਡੇ ਬਚਪਨ ਦੌਰਾਨ ਚਾਹ ਦਾ ਪੂਰਨ ਬੋਲਬਾਲਾ ਹੋ ਚੁੱਕਾ ਸੀ । ਸਵੇਰੇ ਉੱਠਦੇ ਸਾਰ ਭਰੀ ਹੋਈ ਗੜਬੀ ਚਾਹ ਦੀ ਪੀਣੀ । ਜੇ ਮੱਝ ਤਾਜ਼ੀ ਸੂਈ ਹੁੰਦੀ ਤਾਂ ਉਸ ਦੇ ਦੂਜੇ ਡੰਗ ਤੋਂ ਦੁੱਧ ਨੂੰ ਜਦੋਂ ਉਬਾਲਦੇ ਤਾਂ ਉਹ ਫਟ ਜਾਂਦਾ । ਇਸ ਨੂੰ 'ਬੌਹਲੀ' ਆਖਦੇ । ਸ਼ੱਕਰ ਜਾਂ ਖੰਡ ਮਿਲਾਈ ਬੌਹਲੀ ਬਹੁਤ ਪੌਸ਼ਟਿਕ ਖੁਰਾਕ ਮੰਨੀ ਜਾਂਦੀ । ਹਾਜ਼ਰੀ ਵਕਤ ਮਿੱਸੀ ਰੋਟੀ ਲੱਸੀ, ਮੱਖਣ ਜਾਂ ਦਹੀਂ ਨਾਲ ਮਿਲਦੀ । ਅੱਧ ਰਿੜਕਿਆ ਦਹੀਂ ਦੀ ਕਦੇ ਕਦਾਈਂ ਪੀਤਾ ਹੈ । ਤਾਜ਼ੀ ਰਿੜਕੀ ਲੱਸੀ ਵਿੱਚ ਤਾਜੇ ਦੁੱਧ ਦੀਆਂ ਧਾਰਾਂ ਮਾਰਨ ਨਾਲ ਬਣੇ 'ਤਿਓੜ' ਦਾ ਸਵਾਦ ਵੀ ਦੇਖਿਆ, ਪਰ ਉਹ ਏਨਾ ਸਵਾਦ ਨਾ ਲੱਗਦਾ । ਜੇ ਦੁੱਧ ਦੀ ਘਾਟ ਹੁੰਦੀ, ਤਾਜ਼ੀ ਲੱਸੀ ਕਿਸੇ ਗਵਾਂਢੀ ਦੇ ਘਰੋਂ ਲੈ ਆਉਂਦੇ । ਮੱਕੀ ਦੀ ਚੋਪੜੀ ਰੋਟੀ ਉੱਪਰ ਲੂਣ ਭੁੱਕ ਕੇ ਘੁੱਟਾ ਬਾਟੀ ਲੱਸੀ ਜਾਂ ਚਾਹ ਨਾਲ ਖਾਣ ਦਾ ਆਪਣਾ ਸਵਾਦ ਹੁੰਦਾ । ਕੜਕਦੀ ਗਰਮੀ ਦੀ ਸ਼ਾਮ ਨੂੰ ਪੁਦੀਨੇ, ਪਿਆਜ਼ ਤੇ ਹਰੀ ਮਿਰਚ ਦੀ ਚਟਣੀ ਨਾਲ ਕੋਰੇ ਘੜੇ ਦੇ ਠੰਢੇ ਪਾਣੀ ਵਿਚ ਥੋੜ੍ਹਾ ਜਿਹਾ ਕੱਚਾ ਦੁੱਧ, ਲੂਣ ਤੇ ਕਾਲੀ ਮਿਰਚ ਮਿਲਾ ਕੇ ਬਣਾਈ ਕੱਚੀ ਲੱਸੀ ਪੀਣੀ । ਇਹ ਠੰਢੀ ਤਾਸੀਰ ਵਾਲੀ ਖੁਰਾਕ ਸਮਝੀ ਜਾਂਦੀ । ਸਿਆਲ ਵਿੱਚ ਮੱਕੀ ਦੀ ਰੋਟੀ, ਸਾਗ ਤੇ ਮੱਖਣ ਮੁੱਖ ਭੋਜਨ ਸੀ । ਕਹਾਵਤਾਂ ਬਣੀਆਂ ਹਨ :

★ ਸਾਗ ਬੁੜ੍ਹੇ ਦਾ ਭਾਗ
★ ਖਿਚੜੀ ਖਾਏ ਬੁੜ੍ਹਾ ਮਰ ਜਾਏ
★ ਪੋਹ ਮਾਘ ਗੰਦਲਾਂ ਦਾ ਸਾਗ ਮੇਵਾ

ਸਾਗ ਬਹੁਤ ਸਸਤੀ ਆਮ ਮਿਲਣ ਵਾਲੀ ਪੱਤੇਦਾਰ ਸਬਜ਼ੀ ਹੈ । ਮੱਕੀ ਦੀ ਰੋਟੀ ਤੇ ਮੱਖਣ ਨਾਲ ਇਸ ਦਾ ਮੇਲ ਹੈ । ਹਰੇਕ ਗਰੀਬ ਤੇ ਅਮੀਰ ਦੀ ਇਕ ਤੱਕ ਪਹੁੰਚ ਸੀ । ਗਰੀਬ ਲੋਕ ਖਾਲੀ ਪਈ ਸ਼ਾਮਲਾਤ ਜ਼ਮੀਨ ਵਿੱਚੋਂ ਵੀ ਬਾਥੂ, ਚਿਲਾਈ, ਆਦਿ ਵੇਲ ਬੂਟੀਆਂ ਤੋੜ ਕੇ ਸਾਗ ਬਣਾ ਲੈਂਦੇ । ਸਾਗ ਲਈ ਜੇ ਮੇਥੇ, ਮੇਥੀ ਅਤੇ ਪਾਲਕ ਦੇ ਪੱਤੇ ਮਿਲ ਜਾਂਦੇ ਤਾਂ ਇਹ ਹੋਰ ਵੀ ਕਰਾਰਾ ਬਣਦਾ । ਸਰ੍ਹੋਂ ਦਾ ਸਾਗ ਤੋੜਨ ਤੋਂ ਬਹੁਗਿਣਤੀ ਕਿਸਾਨ ਭਾਈਚਾਰਾ ਵੀ ਕਿਸੇ ਨੂੰ ਜਵਾਬ ਨਾ ਦਿੰਦਾ । ਰੇਲੀ ਸਰ੍ਹੋਂ ਦਾ ਬੂਟਾ ਸਾਗ ਤੋੜਨ ਨਾਲ ਆਲੇ ਦੁਆਲੇ ਵੱਲ ਵੱਧ ਫੁੱਟਦਾ ਫੈਲਦਾ । ਇਹ ਵਿਸ਼ਵਾਸ ਸੀ । ਦੇਸੀ ਸਰ੍ਹੋਂ ਦਾ ਵਾਧਾ ਸਾਗ ਤੋੜਨ ਮਗਰੋਂ ਰੁਕ ਜਾਂਦਾ । ਇਸ ਦੀਆਂ ਗੰਦਲਾਂ ਤੋੜਨ ਦੀ ਮਨਾਈ ਸੀ । ਸ਼ਾਇਦ ਇਸ ਲਈ ਇਹ ਲੋਕ ਗੀਤ ਬਣਿਆ ਹੋਵੇ :

ਕਿਹੜੀ ਏਂ ਤੂੰ ਸਾਗ ਤੋੜਦੀ
ਹੱਥ ਸੋਚ ਕੇ ਗੰਦਲ ਨੂੰ ਪਾਈਂ ।



ਸਿਆਲ ਵਿਚ ਸ਼ਲਗਮ, ਮੂਲੀ, ਗਾਜਰ, ਮੂੰਗਰੇ, ਸੀਂਗਰੇ ਹਾਥੀਚੱਕ, ਜ਼ਿਮੀਕੰਦ ਆਦਿ ਸਬਜ਼ੀਆਂ ਦੀ ਬਹੁਤਾਤ ਹੁੰਦੀ ਜੋ ਲਗਭਗ ਹਰ ਇਕ ਬੰਦੇ ਦੀ ਪਹੁੰਚ ਵਿੱਚ ਹੁੰਦੀਆਂ । ਗਰਮੀਆਂ ਵਿਚ ਘੀਆ, ਅੱਲਾਂ, ਰਾਮ ਤੋਰੀਆਂ, ਤੂੰਬੀਆਂ, ਬੀਨਾ ਦੀਆਂ ਵੇਲਾਂ ਸਾਡੇ ਲੋਕ ਘਰਾਂ ਵਿੱਚ ਆਮ ਉਗਾ ਲੈਂਦੇ । ਪਿਆਜ਼, ਬਾੜ ਕਰੇਲੇ, ਕਰੇਲੇ ਅਤੇ ਮਿਰਚ ਵੀ ਗਰਮੀਆਂ ਦੀ ਸਬਜ਼ੀ ਸੀ । ਸਾਡੇ ਬਚਪਨ ਵਿਚ ਮੁੱਲ ਖਰੀਦੀਆਂ ਜਾਣ ਵਾਲੀਆਂ ਸਬਜ਼ੀਆਂ ਜਿਵੇਂ ਟਮਾਟਰ, ਗੋਭੀ, ਵਤਾਊਂ ਆਦਿ ਦੀ ਵਰਤੋਂ ਘੱਟ ਹੁੰਦੀ । ਮਾਂਹ, ਮੋਠ, ਮਸਰ, ਛੋਲੇ ਆਦਿ ਦਾਲਾਂ ਦੀ ਵਰਤੋਂ ਜ਼ਿਆਦਾ ਹੁੰਦੀ । ਗਾਜਰ-ਮੇਥੇ, ਆਲੂ-ਮੇਥੇ ਭੁਰਜੀ ਬਣਾਈ ਜਾਂਦੀ । ਗਰਮੀ ਦੀ ਰੁੱਤ ਵਿਚ ਕੁੱਝ ਲੋਕ ਗਵਾਰੇ ਦੀਆਂ ਫਲੀਆਂ ਦੀ ਸਬਜ਼ੀ ਵੀ ਬਣਾਉਂਦੇ ।

ਗਰਮੀਆਂ ਵਿਚ ਲੂਅ ਤੋਂ ਬਚਣ ਲਈ ਕੱਚੇ ਦੁੱਧ ਦੀ ਲੂਣ ਵਾਲੀ ਲੱਸੀ, ਮਿੱਠੀ ਲੱਸੀ, ਸ਼ੱਕਰ/ਖੰਡ ਦਾ ਮਿੱਠਾ ਪਾਣੀ, ਦਹੀਂ ਰਿੜਕ ਕੇ ਬਣਾਈ ਚਾਟੀ ਦੀ ਲੱਸੀ, ਨਿੰਬੂ ਦੀ ਸਿਕੰਜਵੀ ਦੀ ਵਰਤੋਂ ਆਮ ਹੁੰਦੀ । ਸ਼ਹਿਰ ਵਿੱਚੋਂ ਕੋਈ ਵਿਰਲਾ ਟਾਵਾਂ ਵਿਅਕਤੀ ਕਿਸੇ ਮਰੀਜ਼ ਲਈ ਸੰਦਲ ਦਾ ਸ਼ਰਬਤ, ਆਓਲੇ ਜਾਂ ਸਿਓ ਦਾ ਮੁਰੱਬਾ ਮੁੱਲ ਲਿਆਉਂਦਾ । ਜੌਆਂ ਦੇ ਸੱਤੂ ਪਾਣੀ ਵਿਚ ਘੋਲ ਕੇ ਪੀਣ ਦਾ ਰਿਵਾਜ ਉਦੋਂ ਹਟ ਗਿਆ ਸੀ । ਸਿਆਲ ਵਿਚ ਚਾਹ, ਕੱਚਾ ਦੁੱਧ, ਉਬਾਲੀ ਦਿੱਤਾ ਦੁੱਧ, ਕਾੜ੍ਹਨੀ ਵਿਚ ਕੱਢਿਆ ਬਦਾਮੀ ਦੁੱਧ ਆਮ ਪੀਣ ਵਾਲੇ ਪਦਾਰਥ ਸਨ । ਅਨਾਜਾਂ ਵਿੱਚੋਂ ਮੱਕੀ ਦੀ ਰੋਟੀ ਅੱਸੂ ਮਹੀਨੇ ਤੋਂ ਸ਼ੁਰੂ ਹੋ ਕੇ ਵਿਸਾਖ ਤੱਕ ਪੱਕਦੀ, ਜਦੋਂ ਤੱਕ ਨਵੀਂ ਕਣਕ ਨਾ ਆ ਜਾਂਦੀ, ਵੈਸੇ ਸਮਰੱਥਾਵਾਨ ਲੋਕ ਪੁਰਾਣੀ ਕਣਕ ਖਾਣ ਨੂੰ ਤਰਜੀਹ ਦਿੰਦੇ । ਨਵੀਂ ਆਈ ਤੇ ਤੁਰੰਤ ਪਿਸਾਈ ਕਣਕ ਦੇ ਆਟੇ ਨਾਲ ਕਈਆਂ ਦੇ ਪੇਟ ਵਿਚ ਗੜਬੜ ਹੋ ਜਾਂਦੀ । ਆਏ ਮਹਿਮਾਨ ਲਈ ਕਣਕ ਦੀ ਰੋਟੀ, ਘਿਓ-ਬੂਰਾ ਜਾਂ ਖੰਡ-ਘਿਓ ਪਰੋਸਣਾ ਵੱਡੀ ਖਾਤਰਦਾਰੀ ਮੰਨੀ ਜਾਂਦੀ : 'ਖਾਈਏ ਕਣਕ ਭਾਵੇ ਭੁੱਗੀ ਹੋਵੇ, ਵੱਸੀਏ ਸ਼ਹਿਰ ਭਾਵੇਂ ਝੁੱਗੀ ਹੋਵੇ ।' ਸ਼ਹਿਰ ਲਈ ਤਾਂਘਦੇ ਪੜ੍ਹੇ ਲਿਖੇ ਬੰਦਿਆਂ ਦਾ ਅਖਾਣ ਸੀ । ਦੇਸੀ ਘੀ ਪਾਉਣਾ ਆਮ ਜਿਹੀ ਗੱਲ ਸੀ । ਇਸ ਨੂੰ ਦਾਰੂ ਸਮਝਿਆ ਜਾਂਦਾ ।

ਕਹਾਵਤ ਸੀ : ਸੌ ਦਾਰੂ ਇਕ ਘਿਓ, ਸੌ ਚਾਚੇ ਇੱਕ ਪਿਓ

ਸ਼ਰਾਬ ਪਿਲਾਉਣ ਦਾ ਰਿਵਾਜ ਬਹੁਤ ਘੱਟ ਸੀ । ਫੇਰ ਵੀ ਕੁਝ ਲੋਕ ਘਰ ਦੀ ਕੱਢੀ ਸ਼ਰਾਬ ਨਾਲ ਵੀ ਆਏ ਮਹਿਮਾਨ ਦੀ ਸੇਵਾ ਕਰਦੇ । ਭਾਦੋਂ ਦੀ ਨੌਮੀ ਨੂੰ ਘੜੇ ਉੱਤੇ ਵੱਟੀਆਂ ਸੇਵੀਆਂ ਬਣਾਉਂਦੇ । ਸਾਡੀ ਬੀਬੀ ਚੁੱਲ੍ਹੇ ਵਿੱਚੋਂ ਅੰਗਿਆਰੀ ਕੱਢਦੀ, ਉਸ ਉੱਤੇ ਘੀ ਦਾ ਹਵਨ ਦਿੰਦੀ, ਭੋਰਾ ਭਰ ਸੇਵੀਆਂ ਅੰਗਿਆਰੀ ਉੱਪਰ ਪਾਉਂਦੀ, ਮੱਥਾ ਟੇਕਦੀ ਮੂੰਹ ਵਿਚ ਗੁਣਗੁਣਾਉਂਦੀ : 'ਨ੍ਹੇਰੇ ਸਨ੍ਹੇਰੇ ਲੁਕੇ ਛਿਪੇ ਰਿਹੋ, ਵਿਚਾਰੇ ਧਰਤੀ ਦੇ ਰਾਜਿਓ !' ਘਰ ਦਾ ਹਰੇਕ ਜੀਅ ਸੇਵੀਆਂ ਦੇ ਭਰੇ ਹੋਏ ਛੰਨੇ ਵਿਚ ਇੱਕ ਇੱਕ ਕੜਛੀ ਦੇਸੀ ਘਿਓ ਦੀ ਪਵਾ ਕੇ ਖਾਂਦਾ । ਇਹ ਵੀ ਬਹੁਤ ਭਾਰੀ ਖੁਰਾਕ ਸੀ । ਭੁੱਜੀਆਂ ਛੱਲੀਆਂ, ਗੂੜ੍ਹੇ ਸਿਆਲ ਵਿੱਚ ਭੱਠੀ ਤੋਂ ਭੁੰਨਾਈਆਂ ਮੱਕੀ ਦੀਆਂ ਖਿੱਲਾਂ, ਖੜਕਵੇਂ ਦਾਣੇ 'ਮੁਰਮੁਰੇ' ਬਹੁਤ ਸਵਾਦ ਲੱਗਦੇ । ਗਰਮੀਆਂ ਵਿੱਚ ਭੁੱਜੇ ਛੋਲੇ, ਹਾੜ੍ਹੀ ਦੌਰਾਨ ਗੱਦਰ ਛੋਲਿਆਂ ਦੀਆਂ ਹੋਲਾਂ, ਸਿਆਲ ਉਤਰਦੇ ਤਾਜ਼ੀ ਪੁੱਟੀ ਮੂੰਗਫਲੀ ਦੀਆਂ 'ਹੋਲਾਂ' ਦਾ ਆਪਣਾ ਹੀ ਸਵਾਦ ਹੁੰਦਾ । ਮੱਘਰ ਮਹੀਨੇ ਦੀ ਗੰਨੇ ਭੰਨ ਇਕਾਦਸ਼ੀ ਮਗਰੋਂ ਰਸਦਾਰ ਗੰਨੇ ਚੂਪਦੇ ਨਾ ਥੱਕਦੇ, ਗੰਨਾ ਛਿੱਲਦਿਆਂ ਜੀਭ, ਮੂੰਹ, ਜਾਭਾਂ ਬੇਸ਼ਕ ਜ਼ਖਮੀ ਹੋ ਜਾਂਦੀਆਂ । ਖੇਤਾਂ ਵਿੱਚ ਚਿੱਬੜ, ਫੁੱਟਾ ਤੇ ਬੇਰ, ਨਸੂਹਰੇ, ਜਾਮਣਾਂ ਅਤੇ ਚਪੇੜ ਡੰਡਾ ਥੋਹਰ ਨੂੰ ਲੱਗਦੇ ਜਾਮਣਾਂ ਵਰਗੇ ਖੱਟੇ ਮਿੱਠੇ ਰਸੀਲੇ ਫਲ ਪੇਂਡੂ ਮੇਵੇ ਸਨ । ਬਰਸਾਤ ਤੋਂ ਪਹਿਲਾਂ ਖਾਧੇ ਖਰਬੂਜ਼ਿਆਂ ਦੇ ਬੀਜ ਕਈ ਔਰਤਾਂ ਧੋ ਸੁਕਾ ਕੇ ਸੰਭਾਲ ਲੈਂਦੀਆਂ, ਬਾਅਦ ਵਿਚ ਮਗਜ਼ ਕੱਢ ਕੇ ਚੱਬਦੀਆਂ । ਬਰਸਾਤ ਵਿੱਚ ਪੱਕੇ ਅੰਬਾਂ ਦੀਆਂ ਗੁਠਲੀਆਂ ਕੁਝ ਸਿਆਣੀਆਂ ਇਸਤਰੀਆਂ ਸੁਕਾ ਕੇ ਰੱਖ ਲੈਂਦੀਆਂ, ਸਿਆਲ ਵਿਚ ਭੁੰਨ ਕੇ ਚੱਬਦੀਆਂ ।

ਮੌਸਮ ਮੁਤਾਬਿਕ ਮਿੱਠੇ ਪਦਾਰਥ ਵੀ ਬਣਾਏ ਜਾਂਦੇ । ਗਾੜ੍ਹੇ ਦੁੱਧ ਤੋਂ ਬਣੀ ਖੀਰ, ਦੇਸੀ ਘਿਉ ਦਾ ਕੜਾਹ, ਘਿਓ ਭੁੰਨਵਾਂ ਦਲੀਆ ਅਤੇ ਮਿੱਠੇ ਚਾਵਲ ਬੜੇ ਪੌਸ਼ਟਿਕ ਭੋਜਨ ਸਨ । ਜਦੋਂ ਮੱਝ ਸੂੰਦੀ, ਮਹੀਨਾ ਸਵਾ ਮਹੀਨਾ ਦੁੱਧ ਦਾ ਸਰਫਾ ਕਰਕੇ ਮੱਖਣ ਤਿਆਰ ਕੀਤਾ ਜਾਂਦਾ । ਬਿਗਾਨੇ ਗੋਤ ਦੇ, ਇੱਥੋਂ ਤੱਕ ਭੈਣ ਦੇ ਸਹੁਰੇ ਘਰ ਮਿਲਣ ਆਏ ਸਵਾਣੀ ਦੇ ਭਰਾ ਨੂੰ ਵੀ ਇਸ ਦਾ ਦੁੱਧ ਨਾ ਦਿੰਦੇ । ਚੰਦਰਮਾਂ ਦੀ ਅੱਗੇ ਆਉਂਦੀ ਕਿਸੇ ਚਾਨਣੀ ਦਸਵੀਂ ਨੂੰ ਇਸ ਤਰ੍ਹਾਂ ਕੰਜੂਸੀ ਨਾਲ ਜੋੜੇ ਹੋਏ ਘਿਓ ਦਾ ਕੜਾਹ ਅਤੇ ਦੁੱਧ ਦੀ ਖੀਰ ਬਣਾ ਕੇ ਪਿੰਡ ਵਿੱਚੋਂ ਪੰਜ ਲਿਹਾਜ਼ੀ ਬੰਦਿਆਂ ਨੂੰ ਘਰ ਸੱਦ ਕੇ ਛਕਾਉਂਦੇ । ਪੁੱਠੇ ਕੱਢਿਆਂ ਵਾਲੇ ਥਾਲਾਂ ਵਿੱਚ ਖੁਲ੍ਹੀ ਖੀਰ ਦੇ ਵਿਚਕਾਰ ਵੱਡਾ ਬੁੱਕ ਕੜਾਹ ਦਾ ਹਰੇਕ ਲਈ ਪਰੋਸਿਆ ਜਾਂਦਾ ਹੈ । ਜੋ ਰੁਚੀ ਹੁੰਦੀ, ਕਈ ਬੰਦੇ ਹੋਰ ਮੰਗ ਲੈਂਦੇ । ਇਸ ਨੂੰ 'ਸੁੱਚ ਖੋਲਣਾ' ਆਖਦੇ । ਮਾਘ ਫੱਗਣ ਦੇ ਮਹੀਨੇ ਚੌਲਾਂ ਦੇ ਆਟੇ ਦੀਆਂ ਪਿੰਨੀਆਂ ਬਣਦੀਆਂ ਜਿਨ੍ਹਾਂ ਵਿਚੋਂ ਖੋਪੇ ਦੀਆਂ ਪਤਲੀਆਂ ਕਤਾਰਾਂ ਤੇ ਕੋਈ ਕੋਈ ਸਾਬਤ ਕਾਲੀ ਮਿਰਚ ਖਾਣ ਵਾਲੇ ਵੱਲ ਝਾਕਦੀ ਪ੍ਰਤੀਤ ਹੁੰਦੀ । ਇਹ



ਪਿੰਨੀਆਂ ਆ ਰਹੀ ਗਰਮੀ ਲਈ ਠੰਢੀ ਤਾਸੀਰ ਵਾਲੀ ਹਲਕੀ ਖੁਰਾਕ ਸਮਝੀ ਜਾਂਦੀ । ਗੂੜ੍ਹੇ ਸਿਆਲ ਵਿਚ ਸਿਰਫ ਲੋਹੜੀ ਦੇ ਕੁੱਝ ਦਿਨਾਂ ਦੌਰਾਨ ਗੁੜ ਅਤੇ ਤਿਲਾਂ ਦੇ ਤਲੂਏਂ (ਲੱਡੂ) ਬਣਾਏ ਜਾਂਦੇ । ਕੋਈ ਕੋਈ ਵਿਅਕਤੀ ਤਿਲ੍ਹਾਂ ਨੂੰ ਕੁੱਟ ਕੇ, ਸ਼ੱਕਰ ਮਿਲਾਉਂਦਾ, 'ਕੁੱਲਰ' ਖਾਂਦਾ । ਸਮਰੱਥਾ ਅਨੁਸਾਰ ਲੋਕ ਦੇਸੀ ਘਿਓ ਵਿਚ ਕਣਕ ਦਾ ਆਟਾ ਭੁੰਨ ਕੇ ਖੋਆ ਤੇ ਸੁੱਕੇ ਮੇਵੇ ਪਾ ਕੇ ਪੰਜੀਰੀ ਤੇ ਪਿੰਨੀਆਂ ਬਣਾਉਂਦੇ । ਇਹ ਗਿਜ਼ਾ ਜ਼ੋਰਦਾਰ ਮੁਸ਼ੱਕਤ ਕਰਨ ਵਾਲੇ ਹੀ ਪਚਾ ਸਕਦੇ । ਬਹੁਤੀ ਠੰਢ ਵਿਚ ਬਲਦਾਂ ਨੂੰ ਵੀ ਗੁੜ ਵਿੱਚ ਭੁੰਨੇ ਵੜੇਵੇਂ ਤਾਂ ਤਾਰੇਮੀਰੇ ਤੇ ਅਲਸੀ ਦਾ ਦਰੜ ਚਾਰਿਆ ਜਾਂਦਾ । ਨਵੇਂ ਵੱਛੇ-ਵੱਛੀਆਂ, ਕੱਟੀਆਂ ਨੂੰ ਮਾਂਹ ਉਬਾਲ ਕੇ ਖਵਾਉਣੇ, ਬੇਹੱਦ ਤਾਕਤ ਵਾਲੀ ਖੁਰਾਕ ਸਮਝੀ ਜਾਂਦੀ ।

ਵਿਆਹ ਸ਼ਾਦੀ ਮੌਕੇ ਨੇੜ-ਸਕਿਆਂ ਨੂੰ ਚੁੱਲ੍ਹੇ ਨਿਊਂਦਾ ਤੇ ਆਮ ਘਰਾਂ ਵਿੱਚ ਇੱਕ ਪਰੋਸਾ ਦਿੱਤਾ ਜਾਂਦਾ । ਪਿੰਡ ਦਾ ਰਾਜਾ ਜਿਸ ਘਰ ਜਾ ਕੇ ਚੁੱਲ੍ਹੇ ਨਿਉਂਦੇ ਦਾ ਸੱਦਾ ਦਿੰਦਾ, ਉਸ ਪਰਿਵਾਰ ਨੇ ਵਿਆਹ ਵਾਲੇ ਦਿਨ ਆਪਣਾ ਚੁੱਲ੍ਹਾ ਨਾ ਬਾਲਣਾ ਹੁੰਦਾ । ਉਸ ਟੱਬਰ ਦੇ ਸਾਰੇ ਜੀਅ, ਸਾਂਝੀ ਸੀਰੀ ਵਿਆਹ ਵਾਲੇ ਘਰ ਰੋਟੀ ਖਾਂਦੇ, ਜੋ ਹਾਜ਼ਰ ਨਾ ਹੁੰਦਾ, ਉਸ ਦੀ ਰੋਟੀ ਘਰ ਭੇਜੀ ਜਾਂਦੀ । ਕਈ ਔਰਤਾਂ ਭੋਜਨ ਛੱਕ ਕੇ ਆਪਣੇ ਘਰ ਰੱਖੇ ਕੁੱਤੇ ਲਈ ਵੀ ਰੋਟੀ ਪਵਾ ਕੇ ਲਿਜਾਂਣ ਦੀ ਘੌਲ ਨਾ ਕਰਦੀਆਂ । ਦੂਰ ਦੇ ਲਿਹਾਜ਼ੀਆਂ, ਇਕ ਪਰੋਸੇ ਵਾਲੇ ਘਰਾਂ ਵਿਚ ਨਿਸ਼ਾਨੀ ਵਜੋਂ ਦੋ ਲੱਡੂ, ਦੋ ਜਲੇਬੀਆਂ, ਮਾਂਹ ਦੀ ਦਾਲ ਅਤੇ ਨੌਂ ਜਾਂ ਗਿਆਰਾਂ ਪੋਲੀਆਂ ਰਾਜਾ ਆਪ ਜਾ ਕੇ ਦੇ ਆਉਂਦਾ । ਸ਼ਰੀਕੇ ਲਈ ਦਾਲ ਪੋਲੀ ਨਾਲ ਕੇਵਲ ਦੋ ਲੱਡੂ, ਦੋ ਜਲੇਬੀਆਂ, ਵਰਤਾਉਣ ਨੂੰ 'ਨਿਸ਼ਾਨੀ' ਵਿਖਾਉਣਾ ਸਮਝਦੇ । ਕਈ ਸਮਰੱਥਾਵਾਨ ਖੁੱਲ੍ਹੇ ਲੱਡੂ ਜਲੇਬੀਆਂ, ਵਰਤਾਉਂਦੇ, ਜੋ ਜਿੰਨੇ ਮਰਜ਼ੀ ਖਾਵੇ: ਉਸ ਨੂੰ 'ਸਿੱਟਵੀਂ ਮਠਿਆਈ' ਆਖਦੇ । ਕੋਈ ਕੋਈ ਪਰਿਵਾਰ ਆਪਣੇ ਗੁਜ਼ਰ ਚੁੱਕੇ ਵਡੇਰੇ ਨੂੰ 'ਵੱਡਾ ਕਰਨ' ਲਈ ਸਾਰੇ ਪਿੰਡ ਨੂੰ ਰੋਟੀ ਕਰਦਾ ਜਿਸ ਵਿਚ ਹਰ ਘਰ ਨੂੰ ਪ੍ਰਤੀ ਮੈਂਬਰ ਤੋਲ ਕੇ ਅੱਧਾ ਕਿਲੋ ਲੱਡੂ ਦਿੱਤੇ ਜਾਂਦੇ । ਸਾਡੇ ਪਿੰਡ ਵਿਚ ਅਗਾਂਹਵਧੂ ਪੰਚਾਇਤੀਆਂ ਨੇ ਇਹ ਰਸਮ ਸਾਡੀ ਸੋਝੀ ਤੋਂ ਪਹਿਲਾਂ ਬੰਦ ਕਰ ਦਿੱਤੀ ਸੀ । ਚੁੱਲ੍ਹੇ ਨਿਉਂਦਾ ਵੀ ਸਿਰਫ ਨੇੜਲੇ ਸਬੰਧੀਆਂ ਨੂੰ ਦਿੱਤਾ ਜਾਂਦਾ । ਪਰੋਸਾ ਫੇਰਨ ਦਾ ਰਿਵਾਜ ਵੀ ਆਪਣੇ ਗੁਆਂਢ ਜਾਂ ਪੱਤੀ ਤੱਕ ਸੀਮਤ ਕਰ ਦਿੱਤਾ ਸੀ । ਸਾਡੇ ਬਚਪਨ ਵਿਚ ਆਈ ਬਰਾਤ ਨੂੰ ਕੋਰਿਆਂ ਜਾਂ ਪੱਟੀਆਂ ਉੱਪਰ ਬਿਠਾ ਕੇ ਪਹਿਲੇ ਖੋਏ ਦੀ ਬਰਫੀ, ਪੇੜੇ, ਵੇਸਣ ਦੀ ਬਰਫੀ ਆਦਿ ਖੁੱਲ੍ਹੀ ਵਰਤਾਈ ਜਾਂਦੀ । ਬਹੁਗਿਣਤੀ ਬਰਾਤੀ ਮਠਿਆਈ ਨਾਲ ਹੀ ਰੱਜਣਾ ਪਸੰਦ ਕਰਦੇ । ਇਸ ਮਗਰੋਂ ਇੱਕ ਅੱਧ ਪੋਲੀ ਦਾਲ ਸਬਜ਼ੀ ਨਾਲ ਖਾ ਕੇ ਮੂੰਹ ਸਲੂਣਾ ਕਰਦੇ । ਉਦੋਂ ਬਰਾਤ ਨੂੰ ਇੱਕ ਲੱਖ ਬਾਰੀਕ ਪਕੌੜੀ ਬਦਾਣੇ ਨਾਲ ਚਾਹ ਡੇਰੇ ਧਰਮਸ਼ਾਲਾ ਵਿਚ ਹੀ ਵਰਤਾਈ ਜਾਂਦੀ । ਪਰ ਸੱਠਵਿਆਂ ਦੇ ਅੱਧ ਵਿਚ 'ਖੜ੍ਹੀ ਚਾਹ' ਦਾ ਰਿਵਾਜ ਚੱਲਿਆ ਜਿਸ ਵਿਚ ਵਿਆਹ ਵਾਲੇ ਘਰ ਸ਼ਾਮਿਆਨੇ ਹੇਠ ਸੈੱਟ ਕੀਤੇ ਟੇਬਲਾਂ ਉੱਪਰ ਮੋਮੀ ਕਾਗਜ਼ ਦੇ ਛੋਟੇ ਛੋਟੇ ਡੂਨਿਆਂ ਵਿੱਚ ਭਾਂਤ ਸੁਭਾਂਤੇ ਨਮੂਨੇ ਬਰਫੀ, ਗੁਲਾਬ ਜਾਮਣ, ਰਸਗੁੱਲਾ ਆਦਿ ਇੱਕ ਇੱਕ ਕਰ ਕੇ ਸਲੀਕੇ ਨਾਲ ਹਲਵਾਈ ਵੱਲੋਂ ਪਲੇਟਾਂ ਵਿਚ ਸਜਾਏ ਹੁੰਦੇ ਆਂਡਿਆਂ ਦਾ ਆਮਲੇਟ, ਭਾਂਤ ਸੁਭਾਂਤੇ ਪਕੌੜੇ ਮਿੱਠੀ ਚੱਟਣੀ ਆਦਿ ਵੀ ਪਰੋਸੀ ਹੁੰਦੀ । ਸਾਰੀ ਬਰਾਤ ਟੇਬਲਾਂ ਦੁਆਲੇ ਖੜ੍ਹ ਕੇ ਇਹ ਚਾਹ ਪੀਂਦੀ । ਇਹ ਨਵੇਂ ਫੈਸ਼ਨ ਨਾਲ ਪੰਜਾਬ ਦੇ ਪਿੰਡਾਂ ਵਿੱਚ ਮੰਡੀ ਦਾ ਦਖਲ ਆਰੰਭ ਹੋਇਆ । ਰੋਟੀ ਮੌਕੇ ਬੱਕਰੇ ਜਾਂ ਮੁਰਗੇ ਦਾ ਮੀਟ ਵੀ ਵਰਤਾਇਆ ਜਾਣ ਲੱਗਿਆ । ਮਟਰ ਪਨੀਰੀ, ਖੁੰਬਾਂ, ਸੁੱਕੇ ਮੇਵੇ ਪਾ ਕੇ ਬਣਾਈ ਗੋਭੀ ਆਦਿ ਮਹਿੰਗੀਆਂ ਸਬਜ਼ੀਆਂ ਨੇ ਮਾਂਹ ਦੀ ਦਾਲ ਨੂੰ ਇਕ ਲੇਖੇ ਨਾਲ ਵਿਆਹ ਵਿੱਚੋਂ ਕੱਢ ਦਿੱਤਾ । ਬੁੱਢੇ ਦੇ ਮਰਨੇ ਉੱਪਰ ਵੀ ਅਮੀਰ ਲੋਕ ਅਜਿਹੇ ਚੋਜ ਕਰਦੇ । ਗਰੀਬ ਲੋਕ ਕੜਾਅ ਜਾਂ ਲੱਡੂ ਜਲੇਬੀ ਨਾਲ ਦਾਲ ਪਰੋਸਦੇ ।

ਅੱਜ ਸਾਡੀ ਖਾਧ ਖੁਰਾਕ ਉੱਕੀ ਬਦਲ ਚੁੱਕੀ ਹੈ । ਘਰ ਬਣਾਈਆਂ ਵਸਤੂਆਂ ਦੀ ਥਾਂ ਮੰਡੀ ਦੇ ਬਰਗਰਾਂ, ਪੀਜ਼ਿਆਂ, ਨੂਡਲਜ਼, ਆਈਸ ਕਰੀਮਾਂ, ਚਾਕਲੇਟ, ਸਮੋਸਿਆਂ, ਟਿੱਕੀਆਂ, ਭਾਂਤ ਸੁਭਾਂਤੇ ਠੰਢਿਆਂ, ਮਹਿੰਗੀਆਂ ਸ਼ਰਾਬਾਂ ਆਦਿ ਅਨੇਕ ਪਦਾਰਥਾਂ ਦੀ ਭਰਮਾਰ ਹੈ । ਬੱਚੇ ਇੱਕ ਪਾਸੇ ਰਹੇ, ਸਾਡੀ ਪੀੜ੍ਹੀ ਦੇ ਕਈ ਬੰਦੇ ਮਲਾਈ ਨੂੰ ਪਸੰਦ ਨਹੀਂ ਕਰਦੇ, ਉਨ੍ਹਾਂ ਨੂੰ ਦੁੱਧ ਤੇ ਸੁੱਕੇ ਮੇਵੇ ਮਾਫਕ ਨਹੀਂ । ਸ਼ਾਦੀ ਗਮੀ ਦੇ ਸਾਰੇ ਸਮਾਗਮਾਂ ਉੱਤੇ ਪੂਰਨ ਰੂਪ ਵਿਚ ਮੰਡੀ ਦਾ ਕਬਜ਼ਾ ਹੈ, ਸਮਰੱਥਾਵਾਨ ਲੋਕਾਂ ਦੀ ਬਹੁਗਿਣਤੀ ਬੜੇ ਢੋਲ ਢਮੱਕੇ ਨਾਲ, ਸਜਾਵਟੀ ਮੈਰਿਜ ਪੈਲੇਸਾਂ ਵਿਚ ਅਜਿਹੇ ਅਨੇਕ ਪ੍ਰਕਾਰ ਦੇ ਭੋਜਨ ਅਤੇ ਪੀਣਯੋਗ ਪਦਾਰਥ ਪਰੋਸ ਕੇ ਸਮਾਗਮ ਰਚਾਉਂਦੀ ਹੈ, ਜਿੱਥੇ ਮਾਡਰਨ ਹਲਵਾਈ, ਬੈਰੇ, ਸ਼ੈੱਫ ਆਦਿ ਦੀਆਂ ਅਤਿ ਮਸ਼ਹੂਰ ਮਹਿੰਗੀਆਂ ਟੀਮਾਂ ਸਾਰਾ ਕਾਰਜ ਨਿਪਟਾਉਂਦੀਆਂ । ਅਜਿਹੇ ਸਮਾਗਮਾਂ ਵਿੱਚੋਂ ਬਕਾਇਆ ਬਚਿਆ ਭੋਜਨ ਅੱਗੇ ਸ਼ਹਿਰ ਦੇ ਭਵਿੱਖੀ ਸਮਾਗਮਾਂ ਤੇ ਪ੍ਰੋਗਰਾਮਾਂ ਵਿਚ ਵਰਤਾਉਣ ਲਈ ਸਪਲਾਈ ਹੁੰਦਾ ਹੈ । ਇੰਜ ਅਸੀਂ ਘਰ ਬਣਾਈ ਤਾਜ਼ੀ ਮਠਿਆਈ ਤੇ ਦਾਲਾਂ ਸਬਜ਼ੀਆਂ ਦੀ ਥਾਂ ਬੇਹਾ ਮਾਲ ਖਾਂਦੇ, ਕੱਛਾਂ ਵਜਾਉਂਦੇ ਘਰਾਂ ਨੂੰ ਆਉਂਦੇ ਹਾਂ । ਵੱਡਿਆਂ ਦੀ ਰੀਸ ਜਾਂ ਮਜਬੂਰੀਵੱਸ ਵਿਤੋਂ ਬਾਹਰੇ ਹੋ ਕੇ ਰਚਾਏ ਅਜਿਹੇ ਸਮਾਗਮਾਂ ਨੇ ਕਿਸਾਨੀ ਅਤੇ ਉਸ ਦੇ ਸਹਾਇਕ ਕਿਰਤੀਆਂ ਨੂੰ ਦੀਵਾਲੀਏ ਹੋਣ ਦੇ ਰਾਹ ਤੋਰ ਦਿੱਤਾ ਹੈ । ਕੋਈ ਵਿਰਲੀ ਟਾਂਵੀਂ ਪੰਚਾਇਤ ਗਮੀ ਦੇ ਭੋਗਾਂ ਦੌਰਾਨ ਪਿੰਡ ਵਿਚ ਜਾਂਦੇ ਸਮਾਗਮ ਰਚਾਉਣ ਲਈ ਪ੍ਰੇਰਦੀ, ਮਿੱਠੀ ਵਸਤੂ ਵਰਤਾਉਣ 'ਤੇ ਰੋਕ ਲਾਉਂਦੀ, ਕੇਵਲ ਦਾਲ ਸਬਜ਼ੀ ਫੁਲਕੇ ਵਾਲੀ ਰੋਟੀ ਪਰੋਸਣ ਉੱਪਰ ਜ਼ੋਰ ਦਿੰਦੀ ਹੈ ।

# ਹਾੜ੍ਹੀ ਦੀਆਂ ਫਸਲਾਂ ਦੀ ਦੇਖਭਾਲ ਅਤੇ ਸੁਝਾਅ

ਡਾ. ਡੀ. ਡੀ. ਨਾਰੰਗ,
ਸਾਬਕਾ ਕੀਟ ਵਿਗਿਆਨੀ,
ਪੀ. ਏ. ਯੂ., ਲੁਧਿਆਣਾ
(ਫੋਨ 0161-2310231)

**1. ਕਣਕ ਅਤੇ ਜੌਂ :**

★ ਸਮੇਂ ਸਿਰ ਬੀਜੀ ਕਣਕ ਦੀ ਸਿੰਚਾਈ ਕਰੋ ।

★ ਫਸਲ ਵਿਚ ਨਦੀਨਾ ਦੀ ਰੋਕਥਾਮ ਲਈ 30 ਦਿਨਾਂ ਦੇ ਅੰਤਰ ਗੋਡੀ ਕਰੋ ਅਤੇ ਨਦੀਨਾਂ ਨੂੰ ਪੁੱਟ ਕੇ ਨਸ਼ਟ ਕਰ ਦਿਉ ।

★ ਚੌੜੇ ਪੱਤਿਆਂ ਦੇ ਨਦੀਨਾਂ ਨੂੰ ਮਾਰਨ ਲਈ ਉਦੋਂ ਜਦੋਂ ਫਸਲ 30-35 ਦਿਨਾਂ ਦੀ ਹੋ ਜਾਵੇ ਜਾਂ ਜਦੋਂ ਪੌਦਿਆਂ ਵਿਚ 5-6 ਪੱਤੇ ਨਿਕਲ ਆਉਣ ਰਸਾਇਣਿਕ ਦਵਾਈ 2-4 ਡੀ ਐਸਟਰ 34.6% ਦੀ ਮਾਤਰਾ 250 ਮਿਲੀਲਿਟਰ ਨੂੰ 250 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦਾ ਸਪਰੇਅ ਕਰੋ ।



★ ਖੇਤ ਵਿਚ ਕਣਕ, ਗੁੱਲੀ-ਡੰਡਾ, ਜੌਂਧਰ, ਜਵੀ ਅਤੇ ਹੋਰ ਨਦੀਨਾਂ ਦੇ ਖਾਤਮੇ ਲਈ ਆਈਸੋਪ੍ਰੋਟਿਯੂਰਾਨ 50% @ 800 ਮਿਲੀਲਿਟਰ ਜਾਂ ਡਾਈਕਲੋ ਫੋਮੀਥਾਇਲ 28 ਤਾਕਤ @ 500 ਮਿਲੀਲਿਟਰ ਜਾਂ ਕਲੋਡੀਨਾਫੋਪ 15 ਤਾਕਤ @ 160 ਗ੍ਰਾਮ ਜਾਂ ਫਿਨੋਕਸਾਪ੍ਰੋਪੀਮੀਥਾਇਲ 10 ਤਾਕਤ @ 400 ਮਿਲੀਲਿਟਰ ਜਾਂ ਸਲਫੂਰਾਨ @ 15 ਗ੍ਰਾਮ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿਚ ਘੋਲ ਕੇ 30-35 ਦਿਨਾਂ ਦੀ ਖੜ੍ਹੀ ਕਣਕ ਵਿਚ ਛਿੜਕਾਅ ਕਰੋ ਜਿਥੇ ਖੇਤਾਂ ਵਿਚ ਨਮੀਂ ਹੋਵੇ, ਸਪਰੇਅ ਇਕਸਾਰ ਕੀਤਾ ਜਾਵੇ ਤਾਂ ਨਦੀਨਾਂ ਦਾ ਖਾਤਮਾ ਸਹੀ ਢੰਗ ਨਾਲ ਹੋ ਜਾਵੇ ।

ਕੰਡਿਆਲੀ ਅਤੇ ਹੋਰ ਨਦੀਨਾਂ ਨੂੰ ਮਾਰਨ ਲਈ ਐਲਗਰਿਪ 20 ਤਾਕਤ @ 10 ਗ੍ਰਾਮ ਨੂੰ 200-250 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਸਪਰੇਅ ਕਰੋ ।

ਜੇ ਗੁੱਲੀ ਡੰਡਾ ਨਦੀਨ ਸਹੀ ਤਰੀਕੇ ਨਾਲ ਨਸ਼ਟ ਹੋਵੇ ਤਾਂ ਟੌਪਿਕ/ਪੁਆਇੰਟ 15 ਤਾਕਤ @ 400 ਗ੍ਰਾਮ ਜਾਂ ਪਿਊਮਾ ਸੁਪਰ 10 ਤਾਕਤ ਜਾਂ ਲੀਡਰ/ ਐਸ ਐਫ ਨੂੰ 10 ਤਾਕਤ @ 15 ਗ੍ਰਾਮ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਸਪਰੇਅ ਕਰੋ । ਜਦੋਂ ਕਣਕ ਦੀ ਫਸਲ 30-45 ਦਿਨਾਂ ਦੇ ਵਿਚਕਾਰ ਹੋਵੇ ।

ਕਈ ਵਾਰ ਕਣਕ ਦੀ ਫਸਲ ਦੇ ਪੌਦੇ ਪੀਲੇ ਪੈ ਜਾਂਦੇ ਹਨ। ਇਸ ਦੇ ਹੇਠ ਲਿਖੇ ਕਾਰਨ ਹੋ ਸਕਦੇ ਹਨ ।

1. ਜੇ ਜ਼ਿੰਕ ਦੀ ਘਾਟ ਹੋਵੇ ਤਾਂ ਪੱਤੇ ਪੀਲੇ ਜੰਗਾਲੇ ਹੋ ਜਾਂਦੇ ਹਨ। ਇਸ ਘਾਟ ਨੂੰ ਪੂਰਾ ਕਰਨ ਲਈ 25 ਕਿਲੋ ਜ਼ਿੰਕ ਸਲਫੇਟ ਪ੍ਰਤੀ ਏਕੜ ਇਕਸਾਰ ਖਲੇਰ ਕੇ ਹਲਕੀ ਸਿੰਚਾਈ ਕਰੋ ।

2. ਠੰਡ-ਕੋਰੇ ਦੇ ਮਾੜੇ ਪ੍ਰਭਾਵ ਨਾਲ ਪੌਦੇ ਵੱਧਦੇ-ਫੁੱਲਦੇ ਨਹੀਂ ਅਤੇ ਪੱਤੇ ਪੀਲੇ ਪੈ ਜਾਂਦੇ ਹਨ । ਇਸ ਤੋਂ ਬਚਾਅ ਲਈ ਪਤਲੀ ਸਿੰਚਾਈ ਕਰੋ ।

3. ਗੰਧਕ ਦੀ ਘਾਟ ਕਾਰਨ ਨਵੇਂ ਪੱਤੇ ਪੈ ਜਾਂਦੇ ਹਨ। ਇਸ ਦੀ ਘਾਟ ਨੂੰ ਪੂਰਾ ਕਰਨ ਲਈ 100 ਕਿਲੋ ਜਿਪਸਮ ਪਾਊਡਰ ਨੂੰ ਪ੍ਰਤੀ ਏਕੜ ਪਾ ਕੇ ਹਲਕੀ ਗੁਡਾਈ/ਪਤਲੀ ਸਿੰਚਾਈ ਕਰੋ ।

4. ਹਲਕੀਆਂ ਜ਼ਮੀਨਾਂ ਵਿਚ ਬੀਜੀ ਕਣਕ/ਜੌਂ ਦੀ ਫਸਲਾਂ ਪੀਲੀ ਪੈ ਜਾਂਦੀ ਹੈ ਅਤੇ ਨਾਲੋਂ ਨਾਲ ਪੱਤਿਆਂ ਦੀ ਨਾੜੀਆਂ ਦੇ ਦਰਮਿਆਨ ਵਾਲਾ ਹਿੱਸਾ ਹਲਕਾ ਪੀਲਾ-ਸਲੇਟੀ-ਗੁਲਾਬੀ ਭੂਰੇ ਰੰਗ ਵਿਚ ਵਿਖਾਈ ਦੇਂਦਾ ਹੈ । ਇਹ ਮੈਗਨੀਜ਼ ਤੱਤ ਦੀ ਘਾਟ ਕਾਰਨ ਹੁੰਦਾ ਹੈ। ਇਸ ਦੀ ਘਾਟ ਨੂੰ ਪੂਰਾ ਕਰਨ ਲਈ ਇਕ ਕਿਲੋ ਮੈਗਨੀਜ਼ ਸਲਫੇਟ ਦਵਾਈ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਸਪਰੇਅ ਸੱਤ ਦਿਨਾਂ ਦੇ ਵਕਫੇ ਲਗਾਤਾਰ ਕਰੋ ।

**ਕਣਕ ਦਾ ਚੇਪਾ** : ਇਸ ਦਾ ਹਮਲਾ ਵੀ ਬੱਦਲਵਾਈ ਠੰਡੇ ਮੌਸਮ ਵਿਚ ਹੋ ਜਾਂਦਾ ਹੈ। ਇਸ ਦੀ ਰੋਕਥਾਮ ਲਈ 40 ਮਿਲੀਲਿਟਰ ਕਨਫੀਡੋਰ 17.8 ਐਸ ਐਲ ਜਾਂ 20 ਗ੍ਰਾਮ ਥਾਇਆਮੈਥੋਕਸਮ ਜਾਂ 2 ਗ੍ਰਾਮ ਡੇਨਟਾਪ 50 ਤਾਕਤ ਨੂੰ 100-150 ਲੀਟਰ ਪਾਣੀ ਵਿਚ ਪਾ ਕੇ ਸਪਰੇਅ ਪ੍ਰਤੀ ਏਕੜ ਕਰੋ । ਚੇਪੇ ਦੇ ਹਮਲੇ ਦੇ ਕਾਰਨ ਜੇ ਪੱਤੇ ਪੀਲੇ ਚਿਪ-ਚਿਪੇ ਹੋ ਜਾਂਦੇ ਹਨ ।

**2. ਛੋਲੇ**

★ ਜੇ ਪੱਤੇ ਭੂਰੇ ਰੰਗ ਦੇ ਹੋ ਜਾਣ ਤਾਂ ਜ਼ਿੰਕ ਦੀ ਘਾਟ ਦੀ ਨਿਸ਼ਾਨੀ ਹੈ । ਇਸ ਤੱਤ ਦੀ ਘਾਟ ਨੂੰ ਪੂਰਾ ਕਰਨ ਲਈ 25 ਕਿਲੋ ਜ਼ਿੰਕ ਸਲਫੇਟ ਖੇਤ ਵਿਚ ਇਕ ਸਾਰ ਖਲੇਰ ਕੇ ਹਲਕੀ ਗੋਡੀ ਅਤੇ ਹਲਕੀ ਸਿੰਚਾਈ ਜ਼ਰੂਰ ਕਰੋ ।

★ ਜੇ ਵਰਖਾ ਨਹੀਂ ਹੋਈ ਅਤੇ ਫਸਲ ਵਿਚ ਫੁੱਲ ਨਹੀਂ ਆਏ ਤਾਂ ਸਿੰਚਾਈ ਫੌਰਨ ਕਰੋ ।

**3. ਸਰ੍ਹੋਂ, ਤੋਰੀਆ ਅਤੇ ਰਾਇਆ ਆਦਿ**

ਤੋਰੀਏ ਦੀ ਤਿਆਰ ਫਸਲ ਦੀ ਵਾਢੀ ਫੌਰਨ ਕਰੋ ।

★ਜੇ ਸਰ੍ਹੋਂ/ਰਾਇਆ ਦੀਆਂ ਫਸਲਾਂ ਨੂੰ ਫੁੱਲ-ਡੋਡੀਆਂ ਲੱਗ ਗਈਆਂ ਹੋਣ ਤਾਂ ਸਿੰਚਾਈ ਵੀ ਜ਼ਰੂਰ ਕਰੋ ।

★ ਜੇ ਹੇਠਲੇ ਪੱਤੇ ਗੁਲਾਬੀ ਵਿਖਾਈ ਦੇਣ ਤਾਂ ਜ਼ਿੰਕ ਦੀ ਘਾਟ ਹੋਣ ਕਾਰਨ ਹੋ ਸਕਦੇ ਹਨ ਫੌਰਨ ਇਕ ਕਿਲੋ ਜ਼ਿੰਕ ਸਲਫੇਟ ਅਤੇ 5 ਕਿਲੋ ਯੂਰੀਆ ਖਾਦ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦਾ ਸਪਰੇਅ ਕਰੋ ।

★ ਰਾਇਆ ਦੀ ਫਸਲ ਤੇ ਸਫੈਦ ਕੁੰਗੀ (ਡਾਉਨੀ-ਮਿਲਡਿਊ) ਵਾਲੇ ਆਮ ਪੱਤਿਆਂ ਤੇ ਹੇਠਲੇ ਪਾਸੇ ਵਿਖਾਈ ਦੇਵੇ ਤਾਂ ਬਲਾਈਟਕਸ @ 250 ਗ੍ਰਾਮ ਜਾਂ ਇੰਡੋਫਿਲ ਐਮ 45% ਦਾ ਸਪਰੇਅ ਕਰੋ ।

**ਸਬਜ਼ੀਆਂ ਦੇ ਖਾਸ ਕਾਰਜ**

★ **ਆਲੂ** : ਬਹਾਰ ਰੁੱਤ ਵਾਲੀ ਫਸਲ ਦੀ ਬਿਜਾਈ ਫੌਰਨ ਕਰੋ ।

★ ਜੇ ਖੜੀ ਹੋਈ ਫਸਲ ਤੇ ਝੁਲਸ ਰੋਗ ਦਾ ਹਮਲਾ ਹੋ ਜਾਵੇ ਤਾਂ ਇੰਡੋਫਿਲ ਐਮ 45% @ 500-700 ਗ੍ਰਾਮ ਜਾਂ ਬਲਾਈਟੌਕਸ 50% @ 700 ਗ੍ਰਾਮ ਦਾ ਹਫਤੇ ਤੱਕ ਛਿੜਕਾਅ ਕਰੋ ਜੇ ਹਮਲਾ ਜ਼ਿਆਦਾ ਹੋਵੇ ਤਾਂ 700 ਗ੍ਰਾਮ ਰਿਡੋਮਿਲ ਦਾ ਲਗਾਤਾਰ 10 ਦਿਨਾਂ ਦੇ ਵਕਫੇ ਤੇ ਛਿੜਕਾਅ ਲਗਾਤਾਰ ਕਰੋ। ਜੇ ਚੇਪੇ ਦਾ ਹਮਲਾ ਨਾਲ ਨਾਲ ਹੀ ਹੋ ਜਾਵੇ ਤਾਂ ਉਪਰੋਕਤ ਘੋਲ ਵਿਚ 250 ਮਿਲੀਲਿਟਰ ਮੈਲਾਥੀਆਨ 50% ਕੀਟਨਾਸ਼ਕ ਦਵਾਈ ਨੂੰ 100-150 ਲਿਟਰ ਪਾਣੀ ਵਿਚ ਜ਼ਰੂਰ ਮਿਲਾ ਕੇ ਛਿੜਕਾਅ ਕਰੋ ।

★ ਅੱਧ ਜਨਵਰੀ ਦੇ ਬਾਅਦ ਖੜੀ ਫਸਲ ਦੀ ਸਿੰਚਾਈ ਬੰਦ ਕਰ ਦਿਉ । ਅਤੇ ਹਰੇ ਪੱਤੇ ਕੱਟ ਲਵੋ ਅਤੇ ਨਵੇਂ ਆਲੂਆਂ ਨੂੰ ਖੇਤ ਵਿਚ ਵਿਕਸਿਤ ਹੋਣ ਦਿਉ। ਇਸੇ ਕਾਰਜ ਨਾਲ ਵਿਸ਼ਾਣੂੰ ਰੋਗ ਵੀ ਘੱਟ ਜਾਵੇਗਾ ।

★ **ਮਟਰ** : ਚਿੱਟੇ ਰੋਗ ਤੋਂ ਬਚਾਅ ਲਈ 80 ਮਿਲੀਲਿਟਰ ਕੈਰਾਥੇਨ 40 ਈ ਸੀ ਜਾਂ 600 ਗ੍ਰਾਮ ਸਲਫੈਕਸ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਸਪਰੇਅ ਕਰੋ ।

★ **ਮੂਲੀ** : ਇਸ ਦੀ ਬੀਜਾਈ ਜਾਰੀ ਰੱਖੋ ਅਤੇ 2.5 ਕਿਲੋ ਬੀਜ ਪ੍ਰਤੀ ਏਕੜ ਵਰਤੋਂ ਕਰੋ ।

★ **ਗਾਜਰ** : ਇਸ ਫਸਲ ਦਾ ਬੀਜ ਤਿਆਰ ਕਰਨ ਲਈ 10-15 ਸੈਂਟੀਮੀਟਰ ਲੰਬੇ ਡੱਕ ਲਗਾ ਦਿਓ। ਖੇਤ ਤਿਆਰ ਕਰਨ ਵੇਲੇ 35 ਕਿਲੋ ਯੂਰੀਆ ਅਤੇ 50 ਕਿਲੋ ਸੁਪਰ ਫਾਸਫੇਟ ਨੂੰ ਮਿਲਾ ਕੇ ਖੇਤ ਵਿਚ ਪੋਰ ਕੇ ਉਪਰੋਕਤ ਗਾਜਰਾਂ ਦੇ ਡੱਕ ਲਗਾਉ ।



★ **ਪਿਆਜ਼** : ਅਗੇਤੀ ਫਸਲ ਜੋ ਪੋਲੀਥੀਨ ਦੇ ਲਿਫਾਫਿਆਂ ਵਿਚ ਲਗਾਈ ਹੋਈ ਹੈ ਉਸ ਦਾ ਖਾਸ ਧਿਆਨ ਦਿਉ ਅਤੇ ਪਤਲੀ ਸਿੰਚਾਈ ਕਰੋ ਅਤੇ ਹਲਕੀ ਪਰਾਲੀ ਨਾਲ ਢੱਕ ਦਿਉ ਅਤੇ ਠੰਡ-ਕੋਰੇ ਤੋਂ ਬਚਾਅ ਹੋ ਜਾਵੇ ।

★ ਰਬੀ ਪਿਆਜ਼ ਦੀ ਪੌਦ ਨੂੰ ਅੱਧ ਜਨਵਰੀ ਤੋਂ ਬਾਅਦ ਖੇਤਾਂ ਵਿਚ ਰੁਪਾਈ ਕਰੋ । ਖੇਤ ਤਿਆਰ ਕਰਨ ਵੇਲੇ 20 ਟਨ ਰੂੜੀ ਦੀ ਖਾਦ ਅਤੇ 10 ਕਿਲੋ ਪੋਟਾਸ਼ ਮਿਲਾ ਕੇ ਪਾਉ ।

★ **ਲੱਸਣ** : ਅੱਧ ਜਨਵਰੀ ਵਿਚ ਲੱਸਣ ਦੀ ਖੜ੍ਹੀ ਫਸਲ ਦੀ ਸਿੰਚਾਈ ਲੋੜ ਅਨੁਸਾਰ ਕਰੋ ।

★ **ਗੋਭੀ** : ਜਨਵਰੀ ਦੇ ਅਖੀਰਲੇ ਹਫਤੇ ਤੱਕ ਪਿਛੇਤੀ ਕਿਸਮਾਂ ਦੀ ਤਿਆਰ ਪੌਦ ਨੂੰ ਖੇਤਾਂ ਵਿਚ ਜ਼ਰੂਰ ਲੱਗਾ ਦਿਉ।

★ **ਪਾਲਕ** : ਪਾਲਕ ਦੀ ਕਟਾਈ ਦੇ ਨਾਲ ਨਾਲ ਸਿੰਚਾਈ ਅਤੇ ਯੂਰੀਆ ਖਾਦ ਦਾ ਛਿੱਟਾ ਨਾਲੋ ਨਾਲ ਕਰੋ।

★ **ਮੂਲੀ/ਗਾਜਰ/ਸ਼ਲਗਮ** : ਜਨਵਰੀ ਮਹੀਨੇ ਦੇ ਆਖਰੀ ਹਫਤੇ ਵਿਚ ਤੇਲੇ (ਚੇਪੇ) ਦਾ ਕਈ ਵਾਰ ਹਮਲਾ ਵੀ ਹੋ ਜਾਂਦਾ ਹੈ । ਇਸ ਦੀ ਰੋਕਥਾਮ ਲਈ 350 ਮਿਲੀਲਿਟਰ ਮੈਲਾਥੀਆਨ 50% ਦਵਾਈ ਨੂੰ 250 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਸਪਰੇਅ ਕਰੋ। ਲੋੜ ਅਨੁਸਾਰ ਸੱਤ ਦਿਨਾਂ ਬਾਅਦ ਕਰੋ।

★ **ਮਿਰਚਾਂ / ਬੈਂਗਣ / ਟਮਾਟਰ ਆਦਿ** : ਇਨ੍ਹਾਂ ਫਸਲਾਂ ਦੀ ਪੌਦ ਨੂੰ ਠੰਡ / ਕੋਰੇ ਤੋਂ ਬਚਾਅ ਲਈ ਪੋਲੀਥੀਨ ਦੀ ਸ਼ੀਟ ਰਾਤ ਵੇਲੇ ਜ਼ਰੂਰ ਢੱਕ ਦਿਉ ਅਤੇ ਖੜ੍ਹੀ ਫਸਲ ਨੂੰ ਪਰਾਲੀ ਨਾਲ ਹਲਕਾ ਜਿਹਾ ਢੱਕ ਦਿਉ ।



**ਬਾਗਬਾਨੀ ਦੇ ਖਾਸ ਕਾਰਜ**

★ **ਨਿੰਬੂ ਜਾਤੀ ਦਾ ਫਲ** : ਬੂਟਿਆਂ ਦੀ ਕਟਾਈ ਛਟਾਈ ਛੇਤੀ ਪੂਰੀ ਕਰ ਲਵੋ ।

★ ਰੂੜੀ ਦੀ ਖਾਦ ਅਤੇ ਰਸਾਇਣਿਕ ਖਾਦਾਂ ਦੀ ਬੂਟਿਆਂ ਦੀ ਛੱਤਰੀ ਦੇ ਅਨੁਸਾਰ ਖਲੇਰ ਕੇ ਖੇਤ ਦੀ ਹਲਕੀ ਗੁਡਾਈ ਕਰੋ ਅਤੇ ਹਲਕੀ ਸਿੰਚਾਈ ਕਰੋ ।

★ **ਅੰਗੂਰ** : ਪੁਰਾਣੀਆਂ ਵੇਲਾਂ ਦੀ ਕਟਾਈ ਛਟਾਈ ਜਾਰੀ ਰੱਖੋ ਅਤੇ ਖੇਤ ਵਿਚ ਰੂੜੀ ਦੀ ਖਾਦ ਜ਼ਰੂਰ ਪਾ ਦਿਉ ।

★ **ਅਮਰੂਦ** : ਬੂਟਿਆਂ ਦੀ ਕਟਾਈ ਛਟਾਈ ਕਰਕੇ ਸੁੱਕੀਆਂ ਰੋਗੀ ਸ਼ਾਖਾਵਾਂ ਦੀ ਰਹਿੰਦ-ਖੂੰਹਦ ਨੂੰ ਜਲਾ ਦਿਉ ਅਤੇ ਬੂਟਿਆਂ ਉੱਤੇ 0.3% ਬਲਾਈਟੌਕਸ ਦਵਾਈ ਦਾ ਸਪਰੇਅ ਕਰੋ ।

★ **ਅੰਬ** : ਸੁੱਕੀਆਂ ਸ਼ਾਖਾਵਾਂ ਨੂੰ ਕੱਟ ਕੇ ਜਲਾ ਦਿਉ ਅਤੇ ਫਿਰ 350 ਗ੍ਰਾਮ ਕਾਪਰ ਔਕਸੀਕਲੋਰਾਈਡ ਦਵਾਈ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਸਪਰੇਅ ਕਰੋ ।

★ ਮਿਲੀ ਬੱਗ ਤੋਂ ਬਚਾਉਣ ਲਈ ਤਿਲਕਵੀਂ ਪੱਟੀ ਨੂੰ ਦਰਖਤ ਦੇ ਤਨੇ ਦੇ ਆਲੇ-ਦੁਆਲੇ ਜ਼ਮੀਨ ਤੋਂ ਦੋ ਮੀਟਰ ਉੱਚੀ ਲਪੇਟੋ । ਪੱਟੀ ਦੇ ਹੇਠਲੇ ਕਿਨਾਰੇ ਤੇ ਮੋਟੀ ਗਿੱਲ੍ਹੀ ਮਿੱਟੀ ਦਾ 2-4'' ਮੋਟੀ ਲੇਪ ਲਗਾ ਦਿਉ । ਮਿੱਲੀ ਬੱਗ ਦੇ ਬੱਚ ਨੂੰ ਇਕਾਲਕਸ 0.3% ਦਵਾਈ ਦਾ ਲਗਾਤਾਰ ਇਕ ਹਫਤੇ ਦੇ ਵਕਫੇ ਤੇ ਛਿੜਕਾਅ ਕਰੋ ।

★ ਜੇ ਫੁੱਲ ਆਉਣੇ ਸ਼ੁਰੂ ਹੋ ਜਾਣ ਤਾਂ ਨਾਲੋ ਨਾਲ ਤੋੜ ਦਿਉ ਨਹੀਂ ਤਾਂ ਇਹ ਗੁੱਛਾ-ਮੁੱਛਾ ਰੋਗ ਨੂੰ ਵਧਾਉਣ ਵਿਚ ਸਹਾਈ ਹੋ ਜਾਣਗੇ ।

★ **ਬੇਰ** : ਚਿੱਟੇ ਰੋਗ ਤੋਂ ਬਚਾਅ ਲਈ 50-80 ਮਿਲੀਲਿਟਰ ਕੈਰਾਥਾਨ 40% ਈ ਸੀ ਜਾਂ 250 ਗ੍ਰਾਮ ਘੁਲਣਸ਼ੀਲ ਗੰਧਕ ਨੂੰ 200 ਲੀਟਰ ਪਾਣੀ ਵਿਚ ਘੋਲ ਕੇ ਸਪਰੇਅ ਲੋੜ ਅਨੁਸਾਰ ਕਰਦੇ ਰਹੋ ।

★ ਜਨਵਰੀ ਦੇ ਪਹਿਲੇ ਹਫਤੇ 2% ਯੂਰੀਆ ਦਾ ਛਿੜਕਾਅ ਕਰੋ ਅਤੇ ਸਿੰਚਾਈ ਕਰੋ ।

★ ਬਿਨਾਂ ਗਾਚੀ ਨਵੇਂ ਬੇਰਾਂ ਦੇ ਬੂਟੇ ਬਾਗਾਂ ਵਿਚ ਲਗਾ ਸਕਦੇ ਹੋ ।

★ **ਆੜੂ, ਅਲੂਚਾ, ਨਾਸ਼ਪਾਤੀ ਅਤੇ ਅੰਗੂਰ** : ਕਟਾਈ-ਛਟਾਈ ਦਾ ਕੰਮ ਕਰਕੇ ਜ਼ਰੂਰੀ ਖਾਦਾਂ, ਗੋਡਾਈ ਅਤੇ ਸਿੰਚਾਈ ਆਦਿ ਦਾ ਕੰਮ ਜਾਰੀ ਰੱਖੋ ।

★ **ਸਜਾਵਟੀ ਬੂਟਿਆਂ ਬਾਰੇ** : ਪੱਤਝੜੀ ਬੂਟਿਆਂ ਦੀ ਕਟਾਈ-ਛਟਾਈ ਦਾ ਕੰਮ ਜਲਦੀ ਕਰੋ ।

★ **ਮੌਸਮੀ ਫੁੱਲਾਂ ਦੀ ਸਿੰਚਾਈ** ਕਰੋ ਅਤੇ ਨਦੀਨਾਂ ਨੂੰ ਨਾਲੋ ਨਾਲ ਪੁੱਟ ਕੇ ਖਤਮ ਕਰੋ ।

**ਵਣ ਖੇਤੀ ਬਾਰੇ : ਸਫੈਦਾ** : ਜਦੋਂ 10-15 ਮੀਟਰ ਲੱਕੜਾਂ ਦਾ ਲਪੇਟ ਹੋ ਜਾਵੇ ਤਾਂ ਕਟਾਈ ਕਰਕੇ ਮੁੱਢਾਂ ਨੂੰ ਛਾਂ ਹੇਠ ਸੁਕਾ ਕੇ ਵਾਜਿਬ ਮੁੱਲ ਤੇ ਵੇਚੋ ।

★ **ਪੋਪਲਰ** : ਪੋਪਲਰ ਦੇ ਬੂਟਿਆਂ ਦੇ ਵਿਚਕਾਰ ਖਾਲੀ ਜ਼ਮੀਨ ਵਿਚ ਕਣਕ ਜਾਂ ਸੂਰਜਮੁਖੀ ਫਸਲਾਂ ਦੀ ਬਿਜਾਈ ਕਰ ਸਕਦੇ ਹੋ ।

★ ਬੇਲੋੜੀਆਂ ਸ਼ਾਖਾਵਾਂ ਦੀ ਕਾਂਟ-ਛਾਂਟ ਨਾਲੋ-ਨਾਲ ਕਰੋ ਅਤੇ ਕਟੀਆਂ ਹੋਈਆਂ ਥਾਵਾਂ ਤੇ ਬੋਰਡੋ-ਪੇਸਟ ਜ਼ਰੂਰ ਲਗਾਉ ਤਾਂ ਕਿ ਕੋਈ ਬੂਟੇ ਨੂੰ ਕੋਈ ਰੋਗ ਨਾ ਲੱਗੇ ।

★ **ਟਹਿਣੀ** : ਪੌਦ ਤਿਆਰ ਕਰਨ ਲਈ ਤੰਦਰੁਸਤ ਫਲੀਆਂ ਦੀ ਚੋਣ ਕਰਕੇ ਸੁਕਾ ਲਵੋ ਅਤੇ ਹਵਾ ਬੰਦ ਬਰਤਨ ਵਿਚ ਰੱਖ ਕੇ ਸੰਭਾਲ ਕਰੋ ।

# ਨਵਾਂ ਬਿਜਲੀ ਸੋਧ ਬਿੱਲ ਅਤੇ ਪੰਜਾਬ ਦਾ ਅਰਥਚਾਰਾ



ਪੰਜਾਬ ਵਿੱਚ ਖੇਤੀਬਾੜੀ, ਘਰੇਲੂ ਤੇ ਸਨਅਤੀ ਖੇਤਰਾਂ ਵਿੱਚ ਬਿਜਲੀ ਦੀ ਖਪਤ ਬਹੁਤ ਜ਼ਿਆਦਾ ਹੈ, ਜਿਸ ਨੂੰ ਗਰਮੀਆਂ ਵਿੱਚ 14,500 ਮੈਗਾਵਾਟ ਤੋਂ ਵੱਧ ਬਿਜਲੀ ਦੀ ਲੋੜ ਪੈਂਦੀ ਹੈ ਅਤੇ ਇਹ ਅੰਕੜੇ ਸਮੇਂ ਤੇ ਸਾਲਾਨਾ ਲੋੜ ਅਨੁਸਾਰ ਬਦਲਦੇ ਰਹਿੰਦੇ ਹਨ । ਭਾਵੇਂ ਉਦਯੋਗਿਕ ਖੇਤਰ ਵਿੱਚ ਵੀ ਬਿਜਲੀ ਦੀ ਵੱਡੀ ਖਪਤ ਹੁੰਦੀ ਹੈ ਪਰ ਪੰਜਾਬ ਵਿੱਚ ਖੇਤੀਬਾੜੀ ਸੈਕਟਰ ਬਿਜਲੀ ਦਾ ਸਭ ਤੋਂ ਵੱਡਾ ਖਪਤਕਾਰ ਹੈ । ਜਿਸ ਕਰਕੇ ਪੰਜਾਬ ਵਿੱਚ ਬਿਜਲੀ ਦੇ ਮਾਮਲਿਆਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ । ਅੱਜਕੱਲ੍ਹ ਬਿਜਲੀ ਸੋਧ ਬਿੱਲ 2025 ਖ਼ੂਬ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਕਿਸਾਨ ਜਥੇਬੰਦੀਆਂ ਇਸ ਬਿੱਲ ਦਾ ਵਿਰੋਧ ਕਰ ਰਹੀਆਂ ਹਨ । ਇਸ ਵਿਰੋਧ ਦੀ ਵਜ੍ਹਾ ਜਾਨਣ, ਇਸ ਮਸਲੇ ਨੂੰ ਵਿਚਾਰਨ ਅਤੇ ਖ਼ਾਸ ਕਰਕੇ ਨਵੇਂ ਬਿੱਲ 'ਤੇ ਚਰਚਾ ਕਰਨ ਤੋਂ ਪਹਿਲਾਂ ਬਿਜਲੀ ਐਕਟ ਦੇ ਇਤਿਹਾਸ 'ਤੇ ਨਜ਼ਰ ਮਾਰਨੀ ਬਹੁਤ ਜ਼ਰੂਰੀ ਹੈ ।

ਜਦੋਂ ਦੇਸ਼ ਆਜ਼ਾਦ ਹੋਣ ਤੋਂ ਬਾਅਦ 1948 ਵਿੱਚ ਬਿਜਲੀ ਐਕਟ ਬਣਿਆ ਤਾਂ ਬਿਜਲੀ ਵਰਤਣ ਵਾਲਿਆਂ ਦੀਆਂ ਦੋ ਕਿਸਮਾਂ ਬਣਾਈਆਂ ਗਈਆਂ ਸਨ । ਪਹਿਲੀ ਕਿਸਮ ਘਰੇਲੂ ਬਿਜਲੀ ਵਰਤਣ ਵਾਲਿਆਂ ਦੀ ਹੋਣ ਕਰਕੇ ਸਰਕਾਰ ਨੇ ਇਨ੍ਹਾਂ ਲੋਕਾਂ ਲਈ ਸਬਸਿਡੀ ਵਾਲੀ ਸਸਤੀ ਬਿਜਲੀ ਮੁਹੱਈਆ ਕਰਵਾਈ । ਦੂਸਰੀ ਕਿਸਮ ਬਿਜਲੀ ਨੂੰ ਮੁਨਾਫ਼ਾ ਕਮਾਉਣ ਲਈ ਵਰਤਣ ਵਾਲੇ ਉਦਯੋਗਪਤੀਆਂ, ਕਾਰੋਬਾਰੀ ਘਰਾਣਿਆਂ ਤੇ ਵਪਾਰੀਆਂ ਦੀ ਸੀ, ਜਿਨ੍ਹਾਂ ਤੋਂ ਬਿਜਲੀ ਦੇ ਤਹਿ ਰੇਟ ਤੋਂ ਵੱਧ ਪੈਸੇ ਵਸੂਲੇ ਜਾਂਦੇ ਸਨ ਅਤੇ ਇਹ ਰਕਮ ਆਮ ਲੋਕਾਂ ਨੂੰ ਸਸਤੀ ਬਿਜਲੀ ਦੇਣ 'ਤੇ ਖਰਚੀ ਜਾਂਦੀ ਸੀ । ਨਹਿਰੂ ਦੀਆਂ ਸਮਾਜ ਭਲਾਈ ਵਾਲੀਆਂ ਨੀਤੀਆਂ ਕਈ ਦਹਾਕੇ ਜਾਰੀ ਰਹਿਣ ਬਾਅਦ ਸਮਾਂ ਬੀਤਣ 'ਤੇ 'ਵੈਲਫੇਅਰ ਸਟੇਟ' ਦਾ ਚਰਿੱਤਰ ਅਲੋਪ ਹੋ ਗਿਆ, ਨਵੇਂ ਸੰਸਾਰੀਕਰਨ ਦੇ ਦੌਰ ਵਿੱਚ ਮਨਮੋਹਨ ਸਿੰਘ ਨੇ ਸਮਾਜ ਭਲਾਈ ਦੀ ਥਾਂ ਵਪਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਅਪਣਾਈਆਂ । ਕੇਂਦਰ ਸਰਕਾਰ ਨੇ ਬਿਜਲੀ ਐਕਟ ਵਿੱਚ ਸੋਧ ਕਰਦਿਆਂ 2003 ਵਿੱਚ ਬਿਜਲੀ ਕਾਨੂੰਨ ਲਿਆਂਦਾ ਤੇ ਨਿੱਜੀ ਅਦਾਰਿਆਂ ਨੂੰ ਬਿਜਲੀ ਖੇਤਰ ਵਿੱਚ ਨਿਵੇਸ਼ ਕਰਨ ਦਾ ਮੌਕਾ ਦਿੱਤਾ । ਭਾਵੇਂ ਵੱਡੀ ਪੱਧਰ 'ਤੇ ਪ੍ਰਾਈਵੇਟ ਅਦਾਰੇ ਇਸ ਖੇਤਰ ਵਿੱਚ ਦਾਖਲ ਹੋਏ ਪਰ ਬਿਜਲੀ ਵੰਡ ਦਾ ਖੇਤਰ ਸਰਕਾਰ ਦੇ ਅਧੀਨ ਹੀ ਰਿਹਾ । ਨਿੱਜੀ ਅਦਾਰੇ ਬਿਜਲੀ ਵੰਡ ਦੇ ਖੇਤਰ ਨੂੰ ਕਈ ਅੜਿੱਕਿਆਂ ਕਾਰਨ ਆਪਣੇ ਅਧੀਨ ਨਹੀਂ ਲੈਣਾ ਚਾਹੁੰਦੇ ਸਨ ।

ਇਨ੍ਹਾਂ ਅੜਿੱਕਿਆਂ ਨੂੰ ਹਟਾਉਣ ਲਈ ਕੇਂਦਰ ਸਰਕਾਰ 2019 ਤੋਂ ਲਗਾਤਾਰ ਯਤਨਸ਼ੀਲ ਹੈ, ਉਸ ਨੂੰ 2020 ਵਿੱਚ ਵਿਆਪਕ ਵਿਰੋਧ ਕਾਰਨ ਬਿਜਲੀ ਸੋਧ ਬਿੱਲ 2019 ਵਾਪਸ ਲੈਣਾ ਪਿਆ । ਕੇਂਦਰ ਸਰਕਾਰ ਨੇ 2022 ਵਿੱਚ ਬਿਜਲੀ ਸੋਧ ਬਿੱਲ ਲਿਆ ਕੇ ਸਬਸਿਡੀਆਂ ਤੇ ਕਰੌਸ ਸਬਸਿਡੀ ਨੂੰ ਖ਼ਤਮ ਕਰਕੇ ਬਿਜਲੀ ਵੰਡ ਦੇ ਖੇਤਰ ਪੂਰੀ ਤਰ੍ਹਾਂ ਨਿੱਜੀ ਅਦਾਰਿਆਂ ਨੂੰ ਦੇਣ ਦੀਆਂ ਮੱਦਾਂ ਸ਼ਾਮਿਲ ਕਰ ਦਿੱਤੀਆਂ । ਹੁਣ ਕੇਂਦਰ ਸਰਕਾਰ ਮੁੜ ਤੋਂ ਬਿਜਲੀ ਸੋਧ ਬਿੱਲ 2025 ਲੈ ਕੇ ਆਈ ਹੈ । ਕੇਂਦਰ ਇਸ ਬਿੱਲ ਨੂੰ ਲਾਗੂ ਕਰਨ ਲਈ ਕਾਹਲਾ ਹੈ, ਕਿਉਂਕਿ ਇਹ ਵਿਕਾਸ ਮਾਡਲ ਦੇ ਅਧੀਨ ਪ੍ਰਾਈਵੇਟ ਅਜਾਰੇਦਾਰੀ ਤੇ ਨਿੱਜੀਕਰਨ ਲਈ ਰਸਤੇ ਖੋਲ੍ਹਦਾ ਹੈ । ਇਸ ਬਿੱਲ ਦਾ ਸੈਕਸ਼ਨ 14 ਬਿਜਲੀ ਵੰਡ, ਟਰਾਂਸਮਿਸ਼ਨ ਤੇ ਵਪਾਰ ਕਰਨ ਨਾਲ ਸੰਬੰਧਿਤ ਹੈ, ਇਸ ਦੀ 6ਵੀਂ ਮੱਦ ਅਨੁਸਾਰ ਕਿਸੇ ਇੱਕ ਖੇਤਰ ਵਿੱਚ ਬਿਜਲੀ ਵੰਡ ਦੇ ਲਈ ਇੱਕ ਤੋਂ ਵੱਧ ਲਾਇਸੰਸ ਧਾਰਕ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਆਪਣਾ

ਪ੍ਰੋ. ਮੇਹਰ ਮਾਣਕ
ਮੋ. 90411-13193

ਵੱਖਰਾ ਵੰਡ ਢਾਂਚਾ ਉਸਾਰਨ ਦੀ ਕੋਈ ਲੋੜ ਨਹੀਂ ਹੈ । ਜਦਕਿ ਕਿਸੇ ਖੇਤਰ ਵਿੱਚ ਜੇਕਰ ਇੱਕ ਤੋਂ ਵੱਧ ਲਾਇਸੰਸ ਧਾਰਕ ਹੋਣ ਤਾਂ ਉਨ੍ਹਾਂ ਨੂੰ ਆਪੋ ਆਪਣਾ ਵੰਡ ਢਾਂਚਾ ਉਸਾਰਨਾ ਪੈਂਦਾ ਹੈ । ਪਰ ਨਵੇਂ ਬਿਲ ਅਨੁਸਾਰ ਉਹ ਪਹਿਲਾਂ ਤੋਂ ਚੱਲ ਰਹੇ ਬਿਜਲੀ ਵੰਡ ਢਾਂਚੇ ਰਾਹੀਂ ਹੀ ਆਪਣੀ ਬਿਜਲੀ ਸਪਲਾਈ ਕਰ ਸਕਦੇ ਹਨ ਅਤੇ ਇੱਕੋ ਮੀਟਰ ਦੇ ਬਕਸੇ ਵਿੱਚ ਇੱਕ ਤੋਂ ਵੱਧ ਕੰਪਨੀਆਂ ਦੀ ਬਿਜਲੀ ਆਵੇਗੀ ਤੇ ਗਾਹਕ ਅਲੱਗ-ਅਲੱਗ ਕੰਪਨੀਆਂ ਤੋਂ ਬਿਜਲੀ ਖਰੀਦ ਸਕਣਗੇ । ਇਸ ਤਰ੍ਹਾਂ ਉਹ ਇੱਕੋ ਬਿਜਲੀ ਸਪਲਾਈ ਦੇ ਵਿੱਚੋਂ ਹੀ ਅਲੱਗ-ਅਲੱਗ ਕੰਪਨੀਆਂ ਤੋਂ ਬਿਜਲੀ ਲੈ ਸਕਣਗੇ । ਇਸ ਤੋਂ ਇਲਾਵਾ ਇਸ ਬਿੱਲ ਵਿੱਚ ਬਿਜਲੀ ਐਕਟ ਦੀ ਧਾਰਾ 15 ਦੀ ਉਪ-ਧਾਰਾ (2) ਨੂੰ ਰੱਦ ਕਰਨ ਦਾ ਪ੍ਰਸਤਾਵ ਹੈ, ਜਿਸ ਤਹਿਤ ਪਹਿਲਾਂ ਰੱਖਿਆ ਖੇਤਰ ਵਿੱਚ ਕਿਸੇ ਪ੍ਰਾਈਵੇਟ ਕੰਪਨੀ ਨੂੰ ਬਿਜਲੀ ਸਪਲਾਈ ਕਰਨ ਲਈ ਕੇਂਦਰ ਸਰਕਾਰ ਤੋਂ 'ਕੋਈ ਇਤਰਾਜ਼ ਨਹੀਂ' ਦਾ ਸਰਟੀਫਿਕੇਟ ਲੈਣਾ ਪੈਂਦਾ ਸੀ ਪਰ ਹੁਣ ਰੱਖਿਆ ਖੇਤਰ ਵਿੱਚ ਵੀ ਬਿਜਲੀ ਕੰਪਨੀਆਂ ਬਿਨਾਂ ਉਕਤ ਸਰਟੀਫਿਕੇਟ ਲਏ ਬਿਜਲੀ ਵੇਚ ਸਕਣਗੀਆਂ ।

ਯੂਨੀਵਰਸਲ ਸਰਵਿਸ ਓਬਲੀਗੇਸ਼ਨ (ਯੂ. ਐੱਸ. ਓ.) ਨੀਤੀ ਤਹਿਤ ਸਭ ਖਪਤਕਾਰਾਂ ਲਈ ਇੱਕ ਬਰਾਬਰ ਮਿਆਰੀ ਬਿਜਲੀ ਸੇਵਾ ਦੇਣੀ ਹੁੰਦੀ ਹੈ ਪਰ ਇਸ ਨਵੇਂ ਬਿਜਲੀ ਸੋਧ ਬਿੱਲ ਵਿੱਚ ਲਾਈਸੈਂਸੀ ਨੂੰ ਇਹ ਛੋਟ ਦਿੱਤੀ ਗਈ ਹੈ ਕਿ ਜੇਕਰ ਕਿਸੇ ਨੇ ਇੱਕ ਮੈਗਾਵਾਟ ਤੱਕ ਬਿਜਲੀ ਵਰਤਣੀ ਹੈ ਤੇ ਉਹ ਓਪਨ ਮੰਡੀ ਵਿੱਚੋਂ ਕਿਤੋਂ ਵੀ ਬਿਜਲੀ ਲੈ ਸਕਦਾ ਹੈ । ਹੁਣ ਵੱਡੇ ਗਾਹਕ ਆਪਣੀ ਆਰਥਕ ਤਾਕਤ ਦੇ ਜ਼ੋਰ ਨਾਲ ਕਿਤੋਂ ਵੀ ਹੋਰ ਬਿਜਲੀ ਖਰੀਦ ਸਕਣਗੇ ਅਤੇ ਆਮ ਗਾਹਕ ਪ੍ਰਾਈਵੇਟ ਵੰਡ ਕੰਪਨੀਆਂ ਤੇ ਰਹਿਮੋ ਕਰਮ 'ਤੇ ਨਿਰਭਰ ਹੋ ਜਾਣਗੇ । ਸਰਕਾਰ ਦੀ ਦਲੀਲ ਹੈ ਕਿ ਬਿਜਲੀ ਦੀਆਂ ਵੱਧ ਕੀਮਤਾਂ ਜਿੱਥੇ ਉਦਯੋਗਿਕ ਵਿਕਾਸ ਵਿੱਚ ਅੜਿੱਕਾ ਪਾਉਂਦੀਆਂ ਹਨ, ਉੱਥੇ ਇਹ ਵਿਦੇਸ਼ੀ ਨਿਵੇਸ਼ ਵਿੱਚ ਵੀ ਅੜਿੱਕਾ ਬਣਦੀਆਂ ਹਨ ਤੇ ਭਾਰਤ ਦੀ ਗਲੋਬਲ ਸਪਲਾਈ ਚੇਨ ਵਿਚਲੀ ਸਥਿਤੀ ਨੂੰ ਕਮਜ਼ੋਰ ਕਰਦੀਆਂ ਹਨ । ਅਜਿਹੀ ਸਥਿਤੀ ਵਿੱਚ ਉਦਯੋਗਿਕ ਵਿਕਾਸ ਨੂੰ ਮੁਕਾਬਲੇ ਯੋਗ ਬਣਾਉਣ, ਨਿਵੇਸ਼ ਖਿੱਚਣ ਤੇ ਹੰਢਣਸਾਰ ਆਰਥਿਕ ਵਿਕਾਸ ਲਈ ਅਜਿਹਾ ਕਰਨਾ ਜ਼ਰੂਰੀ ਹੈ । ਸੰਸਾਰ ਮੰਡੀ ਵਿੱਚ ਮੁਕਾਬਲੇਬਾਜ਼ੀ ਨੂੰ ਮਜ਼ਬੂਤ ਬਣਾਉਣ ਬਾਰੇ ਸਰਕਾਰ ਦੀ ਇਹ ਪਹੁੰਚ ਕਿਹੋ ਜਿਹੇ ਸਿੱਟੇ ਕੱਢੇਗੀ ਇਹ ਤਾਂ ਸਮਾਂ ਹੀ ਦੱਸੇਗਾ ।

ਬਿੱਲ ਦੀ ਧਾਰਾ 61(7) ਬਿਜਲੀ ਨੂੰ ਨਿਰੋਲ ਵਪਾਰਕ ਨਜ਼ਰੀਏ ਨਾਲ ਵੇਖਦੀ ਹੈ । ਬਿਜਲੀ ਖੇਤਰ ਦੀ ਵਿੱਤੀ ਹਾਲਤ ਨੂੰ ਠੀਕ ਰੱਖਣ ਲਈ ਇਸ ਵਿੱਚ ਬਿਜਲੀ ਰੈਗੂਲੇਟਰਸ ਨੂੰ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਬਿਜਲੀ ਦੀ ਲਾਗਤ ਕੀਮਤ ਵਿੱਚ ਪੈ ਰਹੇ ਘਾਟੇ ਨੂੰ ਪੂਰਾ ਕਰ ਸਕਦਾ ਹੈ, ਤਾਂ ਕਿ ਵੰਡ ਕੰਪਨੀਆਂ ਨੂੰ ਵਿੱਤੀ ਘਾਟਾ ਨਾ ਸਹਿਣਾ ਪਵੇ । ਇਸ ਤਰ੍ਹਾਂ ਬਿਜਲੀ ਮਹਿੰਗੀ ਹੋਣ ਦੀ ਵੱਡੀ ਸੰਭਾਵਨਾ ਹੈ, ਭਾਵੇਂ ਕਿ ਸੈਕਸ਼ਨ 65 ਵਿੱਚ ਸੂਬਾ ਸਰਕਾਰਾਂ ਵੱਲੋਂ ਲੋੜਵੰਦਾਂ ਨੂੰ ਸਬਸਿਡੀਆਂ ਦੇਣ ਦੀ ਗੱਲ ਕਹੀ ਗਈ ਹੈ । ਇਸ ਦੇ ਨਾਲ ਹੀ ਕਰੌਸ ਸਬਸਿਡੀਆਂ ਤੇ ਸਰਚਾਰਜ ਜੋ ਉਤਪਾਦਨ ਤੇ ਜਨਤਕ ਟਰਾਂਸਪੋਰਟ 'ਤੇ ਲੱਗਦਾ ਹੈ, ਉਸ ਨੂੰ 5 ਸਾਲਾਂ ਵਿੱਚ ਖ਼ਤਮ ਕਰਨ ਬਾਰੇ ਕਿਹਾ ਜਾ ਰਿਹਾ ਹੈ । ਇਸ ਤੋਂ ਇਲਾਵਾ ਸੂਖਮ, ਛੋਟੇ ਤੇ ਦਰਮਿਆਨੇ ਕਾਰੋਬਾਰ ਦੀ ਉਦਯੋਗਿਕ ਪੈਦਾਵਾਰ ਦੀ ਕੀਮਤ ਘਟਾਉਣ ਲਈ ਉਨ੍ਹਾਂ ਨੂੰ ਸਸਤੀ ਬਿਜਲੀ ਲਾਜ਼ਮੀ ਦੇਣ ਦੀ ਗੱਲ ਕਹੀ ਗਈ ਹੈ ਤਾਂ ਕਿ ਉਹ ਇਸ ਮੁਕਾਬਲੇ ਵਿੱਚ ਖੜ੍ਹ ਸਕਣ ਪਰ ਅਜੋਕੇ ਖੁੱਲ੍ਹੀ ਮੰਡੀ ਦੇ ਅਸਾਵੇਂ ਮੁਕਾਬਲੇ ਵਿੱਚ ਇਹ ਸੰਭਵ ਹੁੰਦਾ ਦਿਖਾਈ ਨਹੀਂ ਦੇ ਰਿਹਾ । ਇਸ ਬਿੱਲ ਦੀ ਧਾਰਾ 64(1) ਅਨੁਸਾਰ ਬਿਜਲੀ ਦੇ ਰੇਟ ਹਰ ਵਿੱਤੀ ਸਾਲ ਵਿੱਚ ਤੈਅ ਹੋਣਗੇ ਤੇ ਬਿਜਲੀ ਦੇ ਰੇਟ ਵੱਧਣ ਦੀ ਸਭ ਤੋਂ ਜ਼ਿਆਦਾ ਮਾਰ ਸਮਾਜ ਦੇ ਹੇਠਲੇ ਤਬਕਿਆਂ 'ਤੇ ਪਵੇਗੀ ।

ਇਸ ਨਵੇਂ ਬਿੱਲ ਦੀ ਧਾਰਾ 166 ਵਿੱਚ ਇੱਕ ਨਵੀਂ ਉਪ ਧਾਰਾ (1ਏ) ਜੋੜੀ ਗਈ ਹੈ, ਜਿਸ ਤਹਿੱਤ ਕੇਂਦਰ ਸਰਕਾਰ ਇਲੈਕਟਰੀਸਿਟੀ ਕੌਂਸਲ ਬਣਾਵੇਗੀ । ਜਿਸ ਦਾ ਮੁੱਖੀ ਕੇਂਦਰ ਸਰਕਾਰ ਦਾ ਬਿਜਲੀ ਮੰਤਰੀ ਹੋਵੇਗਾ । ਇਸ ਦੇ ਜ਼ਿਆਦਾਤਰ ਅਧਿਕਾਰੀ ਕੇਂਦਰ ਦੇ ਵੱਖ-ਵੱਖ ਮਹਿਕਮਿਆਂ ਦੇ ਸੈਕਟਰੀ ਹੋਣਗੇ । ਇਸ ਬਿੱਲ ਵਿੱਚ ਬਿਜਲੀ ਨੂੰ ਭਾਰਤੀ ਸੰਵਿਧਾਨ ਦੀ 7ਵੀਂ ਧਾਰਾ ਤਹਿਤ 'ਸਮਵਰਤੀ ਸੂਚੀ' ਵਿੱਚ ਰੱਖਿਆ ਗਿਆ ਹੈ, ਭਾਵ ਇਸ 'ਤੇ ਕੇਂਦਰ ਤੇ ਸੂਬਿਆਂ ਦੋਹਾਂ ਦਾ ਅਧਿਕਾਰ ਹੋਣ ਕਰਕੇ ਇਸ ਸੰਬੰਧੀ ਸਰਕਾਰਾਂ ਕਾਨੂੰਨ ਬਣਾਉਣ ਦਾ ਹੱਕ ਰੱਖਦੀਆਂ ਹਨ । ਭਾਵੇਂ ਕੇਂਦਰ ਵੱਲੋਂ ਬਿੱਲ ਦਾ ਉਦੇਸ਼ ਮੁਕਾਬਲੇ, ਕਾਰਗੁਜ਼ਾਰੀ ਤੇ ਬਿਜਲੀ ਸਪਲਾਈ ਨੂੰ ਬਿਹਤਰ ਬਣਾਉਣਾ ਦੱਸਿਆ ਜਾ ਰਿਹਾ ਹੈ ਅਤੇ ਇਹ ਕਿਸੇ ਵੀ ਕਿਸਮ ਦੀ ਸਬਸਿਡੀ ਨੂੰ ਸਿੱਧੇ ਤੌਰ 'ਤੇ ਖ਼ਤਮ ਨਹੀਂ ਕਰਦਾ ਪਰ ਨਿੱਜੀਕਰਨ ਦੀਆਂ ਨੀਤੀਆਂ ਮੁਨਾਫ਼ੇ 'ਤੇ ਆਧਾਰਿਤ ਹੁੰਦੀਆਂ ਹਨ । ਇਸ ਤੋਂ ਇਲਾਵਾ ਜਨਤਕ ਸੈਕਟਰ ਦੀ ਜਾਇਦਾਦ ਵੀ ਸਹਿਜੇ-ਸਹਿਜੇ ਪ੍ਰਾਈਵੇਟ ਅਦਾਰਿਆਂ ਦੀ ਮਲਕੀਅਤ ਬਣ ਜਾਵੇਗੀ ਅਤੇ ਸੂਬੇ ਦਾ ਅਵਾਮ ਨਿੱਜੀ ਕੰਪਨੀਆਂ ਦੀ ਮਨਮਰਜ਼ੀ ਦੀ ਮਾਰ ਹੇਠ ਆ ਜਾਵੇਗਾ । ਇਨ੍ਹਾਂ ਸਾਰੇ ਮਸਲਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਸਾਨ ਜੱਥੇਬੰਦੀਆਂ ਇਸ ਬਿੱਲ ਦਾ ਵਿਰੋਧ ਕਰ ਰਹੀਆਂ ਹਨ । ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਜਿਸ ਵਿੱਚ ਬਿਜਲੀ ਦੀ ਜ਼ਿਆਦਾ ਖਪਤ ਹੋ ਰਹੀ ਹੈ । ਇਹ ਮਸਲਾ ਪੰਜਾਬ ਦੇ ਪੇਂਡੂ ਅਰਥਚਾਰੇ ਨਾਲ ਜੁੜਿਆ ਹੋਣ ਕਰਕੇ ਸੂਬਾ ਸਰਕਾਰ ਨੂੰ ਆਪਣੇ ਸੂਬਾਈ ਸੰਵਿਧਾਨਕ ਅਧਿਕਾਰਾਂ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ ।

# ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦੈ ਚਵਨਪ੍ਰਾਸ਼

ਠੰਢ ਦੇ ਮੌਸਮ ਵਿੱਚ ਸਰੀਰ ਨੂੰ ਸਿਹਤਮੰਦ ਅਤੇ ਤਾਕਤਵਰ ਰੱਖਣਾ ਵੱਡੀ ਚੁਣੌਤੀ ਹੁੰਦਾ ਹੈ । ਇਸੇ ਕਰਕੇ ਸਾਡੇ ਪੁਰਖਿਆਂ ਨੇ ਸਦੀਆਂ ਪਹਿਲਾਂ ਅਜਿਹਾ ਆਯੁਰਵੇਦਿਕ ਨੁਸਖਾ ਤਿਆਰ ਕੀਤਾ ਸੀ, ਜਿਸ ਨੂੰ ਅੱਜ ਸੰਜੀਵਨੀ ਦਾ ਦਰਜਾ ਦਿੱਤਾ ਜਾਂਦਾ ਹੈ, ਉਹ ਹੈ ਚਵਨਪ੍ਰਾਸ਼ । ਇਹ ਸਿਰਫ ਮਿੱਠਾ ਜੈਮ ਜਾਂ ਟੌਨਿਕ ਨਹੀਂ ਹੈ, ਸਗੋਂ ਲਗਭਗ 50 ਤੋਂ ਵੱਧ ਕੁਦਰਤੀ ਜੜ੍ਹੀਆਂ-ਬੂਟੀਆਂ ਤੇ ਖਣਿਜਾਂ ਦਾ ਮਿਸ਼ਰਨ ਹੈ ।

**ਐਂਟੀਆਕਸੀਡੈਂਟ** : ਇਹ ਸਰੀਰ ਨੂੰ ਫ੍ਰੀ ਰੈਡੀਕਲਜ਼ ਤੋਂ ਬਚਾਉਂਦਾ ਹੈ ਅਤੇ ਸੈਲਾਂ ਦੀ ਉਮਰ ਵਧਾਉਣ ਵਿੱਚ ਸਹਾਇਤਾ ਕਰਦਾ ਹੈ । ਇਸ ਤਰ੍ਹਾਂ ਚਵਨਪ੍ਰਾਸ਼ ਸਰੀਰ ਦੇ ਅੰਦਰੋਂ ਹੀ ਬਚਾਅ ਪ੍ਰਣਾਲੀ ਨੂੰ ਇੰਨਾ ਮਜ਼ਬੂਤ ਕਰ ਦਿੰਦਾ ਹੈ ਕਿ ਉਹ ਮੌਸਮੀ ਬਿਮਾਰੀਆਂ ਦੇ ਕੀਟਾਣੂਆਂ ਦਾ ਅਸਰਦਾਰ ਢੰਗ ਨਾਲ ਮੁਕਾਬਲਾ ਕਰ ਸਕੇ ।

**ਸਰਦੀਆਂ ਦੇ ਮੌਸਮ ਵਿੱਚ ਇਹ ਸਿਰਫ ਬਿਮਾਰੀਆਂ ਤੋਂ ਬਚਾਅ ਦਾ ਸਾਧਨ ਹੀ ਨਹੀਂ, ਸਗੋਂ ਸਰੀਰ ਨੂੰ ਊਰਜਾ, ਤਾਕਤ ਤੇ ਲੰਬੀ ਉਮਰ ਦੇਣ ਵਾਲਾ ਸੰਪੂਰਨ ਆਯੁਰਵੇਦਿਕ ਟੌਨਿਕ ਹੈ...**



**ਵਿਟਾਮਿਨ ਸੀ** : ਇਹ ਸਫੈਦ ਖ਼ੂਨ ਦੇ ਸੈਲਾਂ (White Blood Cells) ਦੇ ਉਤਪਾਦਨ ਵਿੱਚ ਮਦਦ ਕਰਦਾ ਹੈ, ਜੋ ਲਾਗਾਂ ਨਾਲ ਲੜਨ ਲਈ ਜ਼ਰੂਰੀ ਹੁੰਦੇ ਹਨ ।

ਸਰਦੀਆਂ ਵਿੱਚ ਸਾਹ ਪ੍ਰਣਾਲੀ ਵੀ ਕਮਜ਼ੋਰ ਹੋ ਜਾਂਦੀ ਹੈ, ਜਿਸ ਕਾਰਨ ਦਮਾ, ਖੰਘ ਅਤੇ ਸਾਹ ਲੈਣ ਵਿੱਚ ਤਕਲੀਫ ਹੋ ਸਕਦੀ ਹੈ । ਚਵਨਪ੍ਰਾਸ਼ ਵਿੱਚ ਪਾਈਆਂ ਜਾਣ ਵਾਲੀਆਂ ਜੜ੍ਹੀਆਂ-ਬੂਟੀਆਂ, ਜਿਵੇਂ ਤੁਲਸੀ, ਪਿੱਪਲੀ (ਲੌਂਗ ਪੈਪਰ), ਇਲਾਇਚੀ ਅਤੇ ਦਾਲਚੀਨੀ ਫੇਫੜਿਆਂ ਨੂੰ ਤਾਕਤ ਦਿੰਦੀਆਂ ਹਨ ਅਤੇ ਸਾਹ ਨਾਲੀ ਨੂੰ ਸਾਫ਼ ਰੱਖਣ ਵਿੱਚ ਮਦਦ ਕਰਦੀਆਂ ਹਨ । ਇਸ ਦੇ ਐਂਟੀਇੰਫਲੇਮੇਟਰੀ ਅਤੇ ਐਂਟੀਬੈਕਟੀਰੀਅਲ ਗੁਣ ਸਾਹ ਪ੍ਰਣਾਲੀ ਦੀਆਂ ਸਮੱਸਿਆਵਾਂ ਨੂੰ ਘਟਾਉਂਦੇ ਹਨ ।

★ ਇਸ ਵਿੱਚ ਮੌਜੂਦ ਅਸ਼ਵਗੰਧਾ ਅਤੇ ਸ਼ਤਾਵਰੀ ਵਰਗੀਆਂ ਜੜ੍ਹੀਆਂ-ਬੂਟੀਆਂ ਥਕਾਵਟ ਅਤੇ ਸੁਸਤੀ ਨੂੰ ਦੂਰ ਕਰਕੇ ਸਰੀਰਕ ਸ਼ਕਤੀ ਅਤੇ ਸਹਿਣਸ਼ੀਲਤਾ ਨੂੰ ਵਧਾਉਂਦੀਆਂ ਹਨ ।

★ ਇਹ ਬਲੱਡ ਸਰਕੂਲੇਸ਼ਨ ਨੂੰ ਵੀ ਬਿਹਤਰ ਬਣਾਉਂਦਾ ਹੈ, ਜੋ ਸਰੀਰ ਦੇ ਅੰਦਰੂਨੀ ਤਾਪਮਾਨ ਨੂੰ ਬਣਾਈ ਰੱਖਣ ਵਿੱਚ ਮੱਦਦ ਕਰਦਾ ਹੈ ।

★ ਸਰਦੀਆਂ ਵਿੱਚ ਚਮੜੀ ਖੁਸ਼ਕ ਅਤੇ ਬੇਜਾਨ ਹੋ ਜਾਂਦੀ ਹੈ । ਔਲਾ ਅਤੇ ਸ਼ਹਿਦ ਦੀ ਭਰਪੂਰ ਮਾਤਰਾ ਕਾਰਨ ਚਵਨਪ੍ਰਾਸ਼ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣ ਵਿੱਚ ਮਦਦ ਕਰਦਾ ਹੈ । ਇਹ ਖ਼ੂਨ ਨੂੰ ਸਾਫ਼ ਕਰਦਾ ਹੈ, ਜਿਸ ਨਾਲ ਚਮੜੀ ਦੀ ਕੁਆਲਿਟੀ ਵਿੱਚ ਸੁਧਾਰ ਹੁੰਦਾ ਹੈ ਅਤੇ ਕੁਦਰਤੀ ਤੌਰ 'ਤੇ ਚਮਕਦਾਰ ਬਣਦੀ ਹੈ । ਇਸ ਤੋਂ ਇਲਾਵਾ ਇਸ ਵਿੱਚ ਬ੍ਰਹਮੀ ਵਰਗੀਆਂ ਲਾਭਦਾਇਕ ਜੜ੍ਹੀਆਂ-ਬੂਟੀਆਂ ਵੀ ਹੁੰਦੀਆਂ ਹਨ । ਇਹ ਯਾਦਦਾਸ਼ਤ, ਇਕਾਗਰਤਾ ਅਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਮੱਦਦ ਕਰਦਾ ਹੈ ।

ਆਮ ਤੌਰ 'ਤੇ ਬਾਲਗ ਨੂੰ ਇੱਕ ਤੋਂ ਦੋ ਚਮਚ ਚਵਨਪ੍ਰਾਸ਼ ਦਿਨ ਵਿੱਚ ਦੋ ਵਾਰ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ । ਬੱਚਿਆਂ ਲਈ ਇਸ ਦੀ ਮਾਤਰਾ ਅੱਧੀ ਜਾਂ ਡਾਕਟਰ ਦੀ ਸਲਾਹ ਅਨੁਸਾਰ ਹੋਣੀ ਚਾਹੀਦੀ ਹੈ । ਇਸ ਦਾ ਸੇਵਨ ਕੋਸੇ ਦੁੱਧ ਨਾਲ ਕਰਨਾ ਚਾਹੀਦਾ ਹੈ । ਜੇ ਤੁਸੀਂ ਦੁੱਧ ਨਹੀਂ ਪੀਂਦੇ, ਤਾਂ ਇਸ ਨੂੰ ਕੋਸੇ ਪਾਣੀ ਨਾਲ ਵੀ ਲਿਆ ਜਾ ਸਕਦਾ ਹੈ ।

**ਸਾਵਧਾਨੀਆਂ** : ਸ਼ੂਗਰ ਦੇ ਮਰੀਜ਼ਾਂ ਨੂੰ ਡਾਕਟਰ ਦੀ ਸਲਾਹ ਅਤੇ ਸ਼ੂਗਰ-ਮੁਕਤ ਚਵਨਪ੍ਰਾਸ਼ ਦੀ ਚੋਣ ਕਰਨੀ ਚਾਹੀਦੀ ਹੈ । ਪੇਟ ਦੀਆਂ ਗੰਭੀਰ ਸਮੱਸਿਆਵਾਂ ਜਾਂ ਗੁਰਦੇ ਦੇ ਰੋਗਾਂ ਵਾਲੇ ਲੋਕਾਂ ਨੂੰ ਵੀ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ । ਚਵਨਪ੍ਰਾਸ਼ ਅੱਜ ਵੀ ਸਾਡੇ ਸੱਭਿਆਚਾਰ ਅਤੇ ਸਿਹਤ ਦਾ ਅਨਿੱਖੜਵਾਂ ਅੰਗ ਹੈ । ਸਰਦੀਆਂ ਦੇ ਮੌਸਮ ਵਿੱਚ ਇਹ ਸਿਰਫ ਬਿਮਾਰੀਆਂ ਤੋਂ ਬਚਾਅ ਦਾ ਸਾਧਨ ਹੀ ਨਹੀਂ, ਸਗੋਂ ਸਰੀਰ ਨੂੰ ਊਰਜਾ, ਤਾਕਤ ਅਤੇ ਲੰਬੀ ਉਮਰ ਦੇਣ ਵਾਲਾ ਸੰਪੂਰਨ ਆਯੁਰਵੇਦਿਕ ਟੌਨਿਕ ਹੈ । ਇਸ ਲਈ ਠੰਢ ਦੀ ਸ਼ੁਰੂਆਤ ਹੁੰਦਿਆਂ ਹੀ ਇਸ ਸੰਜੀਵਨੀ ਬੂਟੀ ਨੂੰ ਆਪਣੀ ਰੋਜ਼ਾਨਾ ਖੁਰਾਕ ਦਾ ਹਿੱਸਾ ਬਣਾਉ ।

- ਨਵਜੋਤ ਰੋਹੀ ਭੀਖੀ, ਮੋ. 98750-00061

# ਜਾਨਲੇਵਾ ਹੁੰਦਾ ਜਾ ਰਿਹੈ ਹਵਾ ਪ੍ਰਦੂਸ਼ਣ

ਭਾਰਤ ਦੇ ਸੱਤਾਧਾਰੀ ਹਾਕਮ ਦਿਨ-ਰਾਤ ਦੇਸ਼ ਦੇ ਤੇਜ਼ੀ ਨਾਲ ਵਿਕਾਸ ਕਰਨ ਦੇ ਦਾਅਵੇ ਕਰਦੇ ਰਹਿੰਦੇ ਹਨ। ਬੜੇ ਫ਼ਖ਼ਰ ਨਾਲ ਇਹ ਵੀ ਕਿਹਾ ਜਾਂਦਾ ਹੈ ਕਿ ਭਾਰਤ ਦੁਨੀਆ ਦੀ ਚੌਥੀ ਆਰਥਿਕਤਾ ਬਣ ਚੁੱਕਾ ਹੈ ਅਤੇ ਛੇਤੀ ਹੀ ਇਹ ਦੁਨੀਆ ਦੀ ਤੀਜੀ ਆਰਥਿਕਤਾ ਬਣਨ ਵਾਲਾ ਹੈ। ਇਨ੍ਹਾਂ ਦਾਅਵਿਆਂ ਵਿੱਚ ਕਿੰਨੀ ਸਚਾਈ ਹੈ ਜਾਂ ਨਹੀਂ, ਇਹ ਇੱਕ ਵੱਖਰਾ ਮੁੱਦਾ ਹੈ, ਪਰ ਇਸ ਸਮੇਂ ਦੇਸ਼ ਵਿੱਚ ਸਭ ਤੋਂ ਵੱਡਾ ਤੇ ਮਹੱਤਵਪੂਰਨ ਮੁੱਦਾ ਇਹ ਹੈ ਕਿ ਲੋਕਾਂ ਦੇ ਜੀਣ-ਥੀਣ ਦੀਆਂ ਹਾਲਤਾਂ ਬੇਹੱਦ ਖ਼ਰਾਬ ਹੁੰਦੀਆਂ ਜਾ ਰਹੀਆਂ ਹਨ। ਸ਼ੁੱਧ ਖ਼ੁਰਾਕ, ਸ਼ੁੱਧ ਪਾਣੀ ਅਤੇ ਸ਼ੁੱਧ ਹਵਾ ਆਦਿ ਜ਼ਰੂਰੀ ਨਿਆਮਤਾਂ ਦਿਨੋਂ-ਦਿਨ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ। ਪੂਰਾ ਸਾਲ ਅਜਿਹੇ ਮੁੱਦਿਆਂ 'ਤੇ ਵੱਖ-ਵੱਖ ਮਾਧਿਅਮਾਂ ਰਾਹੀਂ ਚਰਚਾ ਵੀ ਹੁੰਦੀ ਰਹਿੰਦੀ ਹੈ ਪਰ ਫਿਰ ਵੀ ਕੋਈ ਹੱਲ ਨਹੀਂ ਨਿਕਲਦਾ। ਕੇਂਦਰ ਸਰਕਾਰ ਅਤੇ ਵੱਖ-ਵੱਖ ਰਾਜ ਸਰਕਾਰਾਂ ਬਾਜ਼ਾਰੂ ਤਾਕਤਾਂ ਦੇ ਦਬਾਅ ਅਧੀਨ ਨਾ ਤਾਂ ਕੋਈ ਸਖ਼ਤ ਕਦਮ ਚੁੱਕਣ ਦੇ ਸਮਰੱਥ ਹੁੰਦੀਆਂ ਹਨ ਤੇ ਨਾ ਹੀ ਤਕਨੀਕੀ ਤੌਰ 'ਤੇ ਇਨ੍ਹਾਂ ਮਸਲਿਆਂ



ਦਾ ਕੋਈ ਠੋਸ ਹੱਲ ਪੇਸ਼ ਕਰਨ ਵਿੱਚ ਸਫ਼ਲ ਹੁੰਦੀਆਂ ਹਨ। ਮਜ਼ਬੂਰੀ ਵੱਸ ਲੋਕਾਂ ਨੂੰ ਅਤੀ ਮਾੜੀਆਂ ਹਾਲਤਾਂ ਵਿੱਚ ਜੀਵਨ ਜਿਊਣਾ ਪੈ ਰਿਹਾ ਹੈ ਅਤੇ ਲੋਕ ਅਨੇਕਾਂ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਰਹੇ ਹਨ। ਅੱਜ ਕੱਲ੍ਹ ਦੇਸ਼ ਦੀ ਰਾਜਧਾਨੀ ਦਿੱਲੀ ਅਤੇ ਉੱਤਰੀ ਭਾਰਤ ਦੇ ਹੋਰ ਖੇਤਰਾਂ ਵਿੱਚ ਹਵਾ ਪ੍ਰਦੂਸ਼ਣ ਬੇਹੱਦ ਗੰਭੀਰ ਰੂਪ ਧਾਰ ਚੁੱਕਾ ਹੈ।

ਲੋਕਾਂ ਦਾ ਸਾਹ ਲੈਣਾ ਵੀ ਮੁਸ਼ਕਿਲ ਹੋਇਆ ਪਿਆ ਹੈ। ਧੂੰਏਂ ਦੇ ਧੁੰਦ ਕਾਰਨ ਥੋੜ੍ਹੀ ਦੂਰ ਤੱਕ ਦੇਖਣਾ ਵੀ ਔਖਾ ਹੈ। ਦਿੱਲੀ ਦੇ ਇੰਦਰਾ ਗਾਂਧੀ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਇਸ ਕਾਰਨ ਪਿਛਲੇ ਦਿਨਾਂ ਵਿੱਚ ਸੈਂਕੜੇ ਉਡਾਨਾਂ ਵੀ ਰੱਦ ਹੋ ਗਈਆਂ ਸਨ।

ਹਵਾ ਗੁਣਵੱਤਾ ਸੂਚਕਾਂਕ ਜਿਹੜਾ ਕਿ 50 ਦੇ ਨੇੜੇ-ਤੇੜੇ ਹੋਣਾ ਚਾਹੀਦਾ ਹੈ ਪਰ ਉਹ ਬੀਤੇ ਐਤਵਾਰ 366 ਤੱਕ ਪਹੁੰਚ ਗਿਆ ਸੀ। ਇਸ ਦਿਨ ਦੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜਿਆਂ ਮੁਤਾਬਕ ਨਰੇਲਾ ਵਿੱਚ ਹਵਾ ਗੁਣਵੱਤਾ ਸੂਚਕ ਅੰਕ 408, ਵਜ਼ੀਰਾਬਾਦ ਵਿੱਚ 403 ਅਤੇ ਅਨੰਦ ਵਿਹਾਰ ਵਿੱਚ 402 ਸੀ। ਇਸ ਕਾਰਨ ਦਿੱਲੀ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਕਈ ਵਾਰ ਹਨ੍ਹੇਰਾ ਛਾਉਣ ਵਰਗੀ ਸਥਿਤੀ ਬਣ ਜਾਂਦੀ ਹੈ।

ਇੱਕ ਲੰਮੇ ਸਮੇਂ ਤੱਕ ਦਿੱਲੀ ਵਿੱਚ ਪੈਦਾ ਹੋਣ ਵਾਲੇ ਗੰਭੀਰ ਹਵਾ ਪ੍ਰਦੂਸ਼ਣ ਲਈ ਪੰਜਾਬ ਦੇ ਕਿਸਾਨਾਂ ਵੱਲੋਂ ਜਲਾਈ ਜਾਂਦੀ ਪਰਾਲੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਹੈ। ਪਰ ਹੁਣ ਹੌਲੀ-ਹੌਲੀ ਇਹ ਤੱਥ ਸਾਹਮਣੇ ਆ ਰਹੇ ਹਨ ਕਿ ਦਿੱਲੀ ਵਿੱਚ ਪ੍ਰਦੂਸ਼ਣ ਦੇ ਬਹੁਤ ਸਾਰੇ ਸਥਾਨਕ ਕਾਰਨ ਹਨ। ਇਸ ਦੀ ਮਿਸਾਲ ਇਸ ਤੋਂ ਵੀ ਲਈ ਜਾ ਸਕਦੀ ਹੈ ਕਿ 2020 ਵਿੱਚ ਕੋਰੋਨਾ ਦੇ ਸਮੇਂ ਵੀ ਕਿਸਾਨਾਂ ਵੱਲੋਂ ਪਰਾਲੀ ਜਲਾਈ ਗਈ ਸੀ ਪਰ ਇਸ ਦੇ ਬਾਵਜੂਦ ਉਦੋਂ ਦਿੱਲੀ ਵਿੱਚ ਕੋਈ ਵਧੇਰੇ ਹਵਾ ਪ੍ਰਦੂਸ਼ਣ ਨਹੀਂ ਸੀ ਹੋਇਆ। ਅੱਜ ਕੱਲ੍ਹ ਵੀ ਪੰਜਾਬ ਜਾਂ ਦਿੱਲੀ ਦੇ ਆਲੇ-ਦੁਆਲੇ ਦੇ ਕਿਸਾਨਾਂ ਵੱਲੋਂ ਪਰਾਲੀ ਨਹੀਂ ਜਲਾਈ ਜਾ ਰਹੀ ਪਰ ਇਸ ਦੇ ਬਾਵਜੂਦ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਸਭ ਹੱਦਾਂ ਬੰਨ੍ਹੇ ਟੱਪਦਾ ਜਾ ਰਿਹਾ ਹੈ, ਜਿਸ ਕਾਰਨ ਲੋਕਾਂ ਲਈ ਸਾਹ ਲੈਣਾ ਵੀ ਮੁਸ਼ਕਿਲ ਹੋ ਗਿਆ ਹੈ। ਇੱਕ ਤਰ੍ਹਾਂ ਨਾਲ ਦਿੱਲੀ ਵਿੱਚ ਇਸ ਸਮੇਂ ਵਾਤਾਵਰਨਿਕ ਐਮਰਜੈਂਸੀ ਵਾਲੀ ਹਾਲਤ ਬਣੀ ਹੋਈ ਹੈ। ਭਾਵੇਂ ਪੰਜਾਬ ਅਤੇ ਹਰਿਆਣਾ ਵਿੱਚ ਵੀ ਇਸ ਸਮੇਂ ਹਵਾ ਦੀ ਗੁਣਵੱਤਾ ਕੋਈ ਜ਼ਿਆਦਾ ਚੰਗੀ ਨਹੀਂ ਹੈ ਪਰ ਇਸ ਪੱਖੋਂ ਦਿੱਲੀ ਦਾ ਸੰਕਟ ਵਧੇਰੇ ਗੰਭੀਰ ਨਜ਼ਰ ਆ ਰਿਹਾ ਹੈ।

ਇਸ ਸੰਬੰਧ ਵਿੱਚ ਸਾਡੀ ਬੜੀ ਸਪੱਸ਼ਟ ਰਾਏ ਹੈ ਕਿ ਕੇਂਦਰ ਸਰਕਾਰ ਤੋਂ ਲੈ ਕੇ ਰਾਜ ਸਰਕਾਰਾਂ ਤੱਕ ਪ੍ਰਦੂਸ਼ਣ ਦੇ ਸਰੋਤਾਂ ਦੀ ਨਾ ਤਾਂ ਗੰਭੀਰਤਾ ਨਾਲ ਨਿਸ਼ਾਨਦੇਹੀ ਕਰਦੀਆਂ ਹਨ ਅਤੇ ਨਾ ਹੀ ਸਖ਼ਤੀ ਨਾਲ ਉਨ੍ਹਾਂ ਨੂੰ ਰੋਕਣ ਲਈ ਠੋਸ ਕਦਮ ਉਠਾਉਂਦੀਆਂ ਹਨ। ਜਦੋਂ ਸਰਕਾਰਾਂ 'ਤੇ ਵਧੇਰੇ ਦਬਾਅ ਪੈਂਦਾ ਹੈ ਤਾਂ ਉਹ ਕਿਸਾਨਾਂ ਜਾਂ ਕੁਝ ਹੋਰ ਧਿਰਾਂ 'ਤੇ ਮੂੰਹ ਦਿਖਾਵੇ ਲਈ ਕੇਸ ਤਾਂ ਦਰਜ ਕਰ ਦਿੰਦੀਆਂ ਹਨ ਪਰ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਕੋਈ ਠੋਸ ਯੋਜਨਾ ਲੈ ਕੇ ਅੱਗੇ ਨਹੀਂ ਆਉਂਦੀਆਂ ਅਤੇ ਨਾ ਹੀ ਪ੍ਰਦੂਸ਼ਣ ਲਈ ਜ਼ਿੰਮੇਵਾਰ ਸਮਝੀਆਂ ਜਾਂਦੀਆਂ ਸੰਬੰਧਿਤ ਧਿਰਾਂ ਨੂੰ ਠੋਸ ਤਕਨੀਕ ਮੁਹੱਈਆ ਕਰਵਾਈ ਜਾਂਦੀ ਹੈ। ਅੱਧੇ ਅਧੂਰੇ ਢੰਗ ਨਾਲ ਹੀ ਅਜਿਹੇ ਯਤਨ ਹੁੰਦੇ ਹਨ। ਕਦੇ-ਕਦੇ ਕਿਸਾਨਾਂ ਵਿਰੁੱਧ ਕਾਰਵਾਈ ਹੁੰਦੀ ਨਜ਼ਰ ਆਉਂਦੀ ਹੈ ਪਰ ਵੱਡੀਆਂ ਸਨਅਤਾਂ ਅਤੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਹੋਰ ਧਿਰਾਂ ਵਿਰੁੱਧ ਸਰਕਾਰਾਂ ਅਕਸਰ ਕਾਰਵਾਈ ਤੋਂ ਗੁਰੇਜ਼ ਹੀ ਕਰਦੀਆਂ ਨਜ਼ਰ ਆਉਂਦੀਆਂ ਹਨ। ਇਸ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਸਿਆਸੀ ਪਾਰਟੀਆਂ, ਪਾਰਟੀ ਫੰਡਾਂ ਲਈ ਵੱਡੇ ਸਨਅਤਕਾਰਾਂ ਤੇ ਕਾਰੋਬਾਰੀਆਂ 'ਤੇ ਨਿਰਭਰ ਹਨ, ਉਹ ਸਖ਼ਤੀ ਨਾਲ ਉਨ੍ਹਾਂ 'ਤੇ ਕਾਨੂੰਨ ਲਾਗੂ ਨਹੀਂ ਕਰਦੀਆਂ। ਪ੍ਰਦੂਸ਼ਣ ਪੈਦਾ ਕਰਨ ਵਾਲੇ ਧਾਰਮਿਕ ਤਿਓਹਾਰਾਂ ਪ੍ਰਤੀ ਵੀ ਸਰਕਾਰਾਂ ਵੱਲੋਂ ਨਰਮੀ ਹੀ ਦਿਖਾਈ ਜਾਂਦੀ ਹੈ।

ਸਰਕਾਰਾਂ ਦੇ ਇਸ ਗੰਭੀਰ ਸਮੱਸਿਆ ਪ੍ਰਤੀ ਢਿੱਲਮੱਠ ਵਾਲੇ ਰਵੱਈਏ ਕਾਰਨ ਹੀ ਇਹ ਮਸਲਾ ਹੱਲ ਨਹੀਂ ਹੋ ਰਿਹਾ, ਜੋ ਕਿ ਲੋਕਾਂ ਦੇ ਜੀਉਣ ਦੇ ਅਧਿਕਾਰ ਨਾਲ ਜੁੜਿਆ ਹੋਇਆ ਹੈ। ਵਕਤ ਦੀ ਮੰਗ ਹੈ ਕਿ ਕੇਂਦਰ ਤੋਂ ਲੈ ਕੇ ਰਾਜ ਸਰਕਾਰਾਂ ਤੱਕ ਦੀਰਘ ਵਿਚਾਰ ਵਟਾਂਦਰੇ ਤੋਂ ਬਾਅਦ ਇਸ ਸੰਬੰਧੀ ਬਿਨਾਂ ਦੇਰੀ ਤੋਂ ਠੋਸ ਤੇ ਪ੍ਰਭਾਵੀ ਯੋਜਨਾਬੰਦੀ ਕਰਨ ਅਤੇ ਫਿਰ ਉਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਵੀ ਕੀਤਾ ਜਾਏ, ਤਾਂ ਵੀ ਰਾਜਧਾਨੀ ਦਿੱਲੀ ਅਤੇ ਦੇਸ਼ ਦੇ ਹੋਰ ਰਾਜਾਂ ਵਿੱਚ ਹਵਾ ਪ੍ਰਦੂਸ਼ਣ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਪਾਇਆ ਜਾ ਸਕੇਗਾ।

- ਸਤਨਾਮ ਸਿੰਘ ਮਾਣਕ

ਦਿੱਲੀ ਦੀ ਹਵਾ ਬਣੀ ਸਾਹਾਂ 'ਤੇ ਆਫ਼ਤ

# 40 ਫ਼ੀਸਦੀ ਲੋਕ ਛੱਡਣਾ ਚਾਹੁੰਦੇ ਹਨ ਸ਼ਹਿਰ, ਲੋਕਾਂ ਦੀ ਘੱਟ ਸਕਦੀ ਹੈ 8 ਸਾਲ ਤੱਕ ਉਮਰ

ਐਨ. ਸੀ. ਆਰ. ਵਿੱਚ ਹਵਾ ਪ੍ਰਦੂਸ਼ਣ ਹੁਣ ਸਿਰਫ ਸਰਦੀਆਂ ਦੀ ਸਮਾਗ ਤੱਕ ਸੀਮਿਤ ਨਹੀਂ ਰਿਹਾ, ਸਗੋਂ ਇਹ ਸਾਲ ਭਰ ਚੱਲਣ ਵਾਲੀ ਗੰਭੀਰ ਸਮੱਸਿਆ ਬਣ ਗਿਆ ਹੈ। ਇਲਨੈਸ ਟੂ ਵੈਲਨੈਸ ਫਾਊਂਡੇਸ਼ਨ (ਆਈ. ਟੀ. ਡਬਲਿਊ. ਐਫ.) ਦੇ ਇੱਕ ਨਵੇਂ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਖਰਾਬ ਹਵਾ ਲੋਕਾਂ ਦੀ ਸਿਹਤ, ਸਿੱਖਿਆ, ਕੰਮਕਾਜ ਅਤੇ ਸ਼ਹਿਰ ਵਿੱਚ ਰਹਿਣ ਦੀ ਸਮਰੱਥਾ 'ਤੇ ਡੂੰਘਾ ਅਸਰ ਪਾ ਰਹੀ ਹੈ। ਇਸ ਅਧਿਐਨ ਲਈ 17,000 ਲੋਕਾਂ ਦਾ ਸਰਵੇਖਣ ਕੀਤਾ ਗਿਆ, ਜਿਨ੍ਹਾਂ ਵਿੱਚ 40 ਫੀਸਦੀ ਨੇ ਕਿਹਾ ਕਿ ਉਹ ਪ੍ਰਦੂਸ਼ਿਤ ਹਵਾ ਅਤੇ ਇਸ ਨਾਲ ਹੋਣ ਵਾਲੀਆਂ ਬਿਮਾਰੀਆਂ ਕਾਰਨ ਦਿੱਲੀ ਛੱਡਣਾ ਚਾਹੁੰਦੇ ਹਨ। ਰਿਪੋਰਟ ਦੇ ਅਨੁਸਾਰ ਇਹ ਸਥਿਤੀ ਸ਼ਹਿਰ ਦੇ ਭਵਿੱਖ ਲਈ ਖਤਰਾ ਪੈਦਾ ਕਰਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪ੍ਰਦੂਸ਼ਿਤ ਹਵਾ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਦਿੱਲੀ ਵਾਸੀਆਂ ਦੀ ਔਸਤ ਉਮਰ 8.2 ਸਾਲ ਘੱਟ ਸਕਦੀ ਹੈ।

## ਲੋਕਾਂ ਦੀ ਸਿਹਤ 'ਤੇ ਗੰਭੀਰ ਅਸਰ

ਹਵਾ ਪ੍ਰਦੂਸ਼ਣ ਸਟ੍ਰੋਕ, ਦਿਲ ਦੀ ਬਿਮਾਰੀ ਅਤੇ ਫੇਫੜਿਆਂ ਦੀਆਂ ਗੰਭੀਰ ਬਿਮਾਰੀਆਂ ਦੇ ਜੋਖਮ ਨੂੰ ਵਧਾਉਂਦਾ ਹੈ। ਮੈਕਸ ਹਸਪਤਾਲ ਦੇ ਡਾਕਟਰਾਂ ਅਨੁਸਾਰ ਜ਼ਿਆਦਾ ਪ੍ਰਦੂਸ਼ਣ ਵਾਲੇ ਮਹੀਨਿਆਂ ਦੌਰਾਨ ਸਟ੍ਰੋਕ ਦੇ ਮਾਮਲੇ ਸਾਫ਼ ਤੌਰ 'ਤੇ ਵੱਧ ਜਾਂਦੇ ਹਨ। ਡਾਕਟਰ ਇਹ ਵੀ ਚਿਤਾਵਨੀ ਦਿੰਦੇ ਹਨ ਕਿ ਹਵਾ ਪ੍ਰਦੂਸ਼ਣ ਦਿਮਾਗ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਨਾਲ ਡਿਮੇਂਸ਼ੀਆ ਅਤੇ ਅਲਜ਼ਾਈਮਰ ਵਰਗੀਆਂ ਬਿਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ। ਸਮਾਗ ਦੇ ਸਮੇਂ ਹਸਪਤਾਲਾਂ ਵਿੱਚ ਸਾਹ ਅਤੇ ਦਿਲ ਦੀ ਬਿਮਾਰੀ ਨਾਲ ਜੁੜੇ ਮਰੀਜ਼ਾਂ ਦੀ ਗਿਣਤੀ ਲਗਭਗ 25 ਫੀਸਦੀ ਤੱਕ ਵੱਧ ਜਾਂਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਹਵਾ ਵਿੱਚ ਮੌਜੂਦ ਬਹੁਤ ਬਾਰੀਕ ਕਣ ਬਿਨਾਂ ਦਿਖਾਈ ਦਿੱਤੇ ਸਰੀਰ ਦੇ ਅੰਗਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ।

## ਹਰ ਸਾਲ ਅਰਬਾਂ ਡਾਲਰ ਦਾ ਨੁਕਸਾਨ

ਰਿਪੋਰਟ ਦੇ ਅਨੁਸਾਰ ਹਵਾ ਪ੍ਰਦੂਸ਼ਣ ਨਾਲ ਭਾਰਤ ਨੂੰ ਹਰ ਸਾਲ ਅਰਬਾਂ ਡਾਲਰ ਦਾ ਨੁਕਸਾਨ ਹੁੰਦਾ ਹੈ। ਸਿਰਫ ਦਿੱਲੀ ਵਿੱਚ ਇਸ ਨਾਲ ਸਾਲਾਨਾ ਲਗਭਗ 64,250 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ, ਜੋ ਸ਼ਹਿਰ ਦੀ ਕੁੱਲ ਘਰੇਲੂ ਉਤਪਾਦ ਭਾਵਗ ਜੀ. ਡੀ. ਪੀ. ਦਾ ਲਗਭਗ 6 ਫੀਸਦੀ ਹੈ। ਪ੍ਰਦੂਸ਼ਣ ਕਾਰਨ ਲੋਕਾਂ ਦਾ ਬਾਹਰ ਨਿਕਲਣਾ ਘੱਟ ਹੋ ਜਾਂਦਾ ਹੈ, ਜਿਸ ਨਾਲ ਰਿਟੇਲ, ਟੂਰਿਜ਼ਮ ਅਤੇ ਹੋਟਲ ਕਾਰੋਬਾਰ ਪ੍ਰਭਾਵਿਤ ਹੁੰਦੇ ਹਨ। ਹਰ ਸਾਲ ਗੰਭੀਰ ਪ੍ਰਦੂਸ਼ਣ ਕਾਰਨ 10 ਤੋਂ 15 ਦਿਨਾਂ ਤੱਕ ਸਕੂਲ ਬੰਦ ਕਰਨੇ ਪੈਂਦੇ ਹਨ, ਜਿਸ ਨਾਲ ਬੱਚਿਆਂ ਦੀ ਪੜ੍ਹਾਈ ਵਿੱਚ ਰੁਕਾਵਟ ਪੈਂਦੀ ਹੈ ਅਤੇ ਮਾਪਿਆਂ 'ਤੇ ਵਾਧੂ ਬੋਝ ਪੈਂਦਾ ਹੈ।

## ਦਿੱਲੀ ਦੀ ਬਣਤਰ ਕਟੋਰੇ ਵਰਗੀ, ਠੰਢੀ ਹਵਾ ਫਸ ਜਾਂਦੀ ਹੈ ਹੇਠਾਂ

ਇੱਕ ਹੋਰ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਦਿੱਲੀ ਦੀ ਬਣਤਰ ਕਟੋਰੇ ਵਰਗੀ ਹੈ। ਸਰਦੀਆਂ ਵਿੱਚ ਠੰਢੀ ਹਵਾ ਹੇਠਾਂ ਫਸ ਜਾਂਦੀ ਹੈ ਅਤੇ ਉੱਤੇ ਗਰਮ ਹਵਾ ਰਹਿੰਦੀ ਹੈ। ਇਸ ਨਾਲ ਗੰਦੀ ਹਵਾ ਬਾਹਰ ਨਹੀਂ ਜਾ ਪਾਉਂਦੀ। ਸਰਦੀ ਦੇ ਮਹੀਨਿਆਂ ਵਿੱਚ ਪ੍ਰਦੂਸ਼ਣ ਜ਼ਮੀਨ ਦੇ



ਬਹੁਤ ਨਜ਼ਦੀਕ ਰਹਿੰਦਾ ਹੈ। ਹਵਾ ਘੱਟ ਚੱਲਦੀ ਹੈ ਅਤੇ ਨਮੀ ਵੀ ਘੱਟ ਹੁੰਦੀ ਹੈ, ਜਿਸ ਨਾਲ ਪ੍ਰਦੂਸ਼ਣ ਹੋਰ ਵੱਧ ਜਾਂਦਾ ਹੈ। ਹਾਲ ਹੀ ਵਿੱਚ ਦੀਵਾਲੀ ਦੇ ਸਮੇਂ ਦਿੱਲੀ-ਐਨ. ਸੀ. ਆਰ. ਗ੍ਰੀਨ ਪਟਾਖਿਆਂ ਦੀ ਇਜਾਜ਼ਤ ਦਿੱਤੀ ਗਈ ਸੀ।

ਇਸ ਨਾਲ ਸਰਦੀਆਂ ਵਿੱਚ ਪ੍ਰਦੂਸ਼ਣ ਹੋਰ ਵਧਣ ਦਾ ਖਤਰਾ ਹੈ। ਇਸ ਤੋਂ ਇਲਾਵਾ ਅਰਾਵਲੀ ਪਹਾੜੀਆਂ ਨੂੰ ਲੈ ਕੇ ਨਵੇਂ ਫੈਸਲੇ ਨਾਲ ਜ਼ਿਆਦਾਤਰ ਹਿੱਸੇ ਤੋਂ ਸੁਰੱਖਿਆ ਹਟ ਗਈ ਹੈ। ਇਸ ਨਾਲ ਮਾਈਨਿੰਗ ਵੱਧ ਸਕਦੀ ਹੈ ਅਤੇ ਹਰਿਆਲੀ ਘੱਟ ਹੋ ਸਕਦੀ ਹੈ। ਅਰਾਵਲੀ ਪਹਾੜੀਆਂ ਰੇਗਿਸਤਾਨ ਦੀ ਧੂੜ ਅਤੇ ਪ੍ਰਦੂਸ਼ਣ ਨੂੰ ਰੋਕਣ ਵਿੱਚ ਮੱਦਦ ਕਰਦੀਆਂ ਹਨ। ਇਨ੍ਹਾਂ ਦੇ ਨੁਕਸਾਨ ਨਾਲ ਦਿੱਲੀ ਦੀ ਹਵਾ ਹੋਰ ਖਰਾਬ ਹੋ ਸਕਦੀ ਹੈ। ਅੱਜ ਹਾਲਾਤ ਇਹ ਹਨ ਕਿ ਸਥਾਨਕ ਪ੍ਰਦੂਸ਼ਣ ਅਤੇ ਖਰਾਬ ਮੌਸਮ ਮਿਲ ਕੇ ਲੋਕਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਾ ਰਹੇ ਹਨ ਅਤੇ ਜਲਵਾਯੂ ਬਦਲਾਅ ਦਾ ਅਸਰ ਵੀ ਵਧਾ ਰਹੇ ਹਨ।

## ਦਿੱਲੀ ਵਿੱਚ ਪ੍ਰਦੂਸ਼ਣ ਦੇ ਵੱਡੇ ਕਾਰਨ ਹਨ

ਵਾਹਨ - 32 ਫੀਸਦੀ, ਨਿਰਮਾਣ ਕਾਰਜ ਅਤੇ ਸੜਕ ਦੀ ਧੂੜ - 28 ਫੀਸਦੀ, ਉਦਯੋਗ - 17 ਫੀਸਦੀ, ਪਰਾਲੀ ਸਾੜਨਾ - 9 ਫੀਸਦੀ, ਥਰਮਲ ਪਾਵਰ ਪਲਾਂਟ - 8 ਫੀਸਦੀ, ਘਰੇਲੂ ਸਰੋਤ - 6 ਫੀਸਦੀ

## ਹੱਲ ਦੀ ਜ਼ਰੂਰਤ

ਇਨ੍ਹਾਂ ਸਥਾਈ ਕਾਰਨਾਂ ਦੀ ਵਜ੍ਹਾ ਨਾਲ ਸਿਰਫ ਐਮਰਜੈਂਸੀ ਉਪਾਅ, ਜਿਵੇਂ ਗ੍ਰੈਪ, ਪੂਰੀ ਤਰ੍ਹਾਂ ਅਸਰਦਾਰ ਨਹੀਂ ਹੋ ਪਾ ਰਹੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦਿੱਲੀ ਨੂੰ ਲੰਡਨ, ਬੀਜਿੰਗ ਅਤੇ ਪੈਰਿਸ ਵਰਗੇ ਸ਼ਹਿਰਾਂ ਤੋਂ ਸੇਧ ਲੈਣੀ ਚਾਹੀਦੀ ਹੈ, ਜਿੱਥੇ ਸਖਤ ਨਿਯਮ, ਸਾਫ ਟਰਾਂਸਪੋਰਟ ਅਤੇ ਬਿਹਤਰ ਸ਼ਹਿਰੀ ਯੋਜਨਾਂ ਨਾਲ ਹਵਾ ਦੀ ਗੁਣਵੱਤਾ ਸੁਧਾਰੀ ਗਈ। ਸਿੱਟਾ ਇਹ ਹੈ ਕਿ ਹੁਲਅਸਥਾਈ ਉਪਾਅ ਕਾਫ਼ੀ ਨਹੀਂ ਹਨ। ਦਿੱਲੀ ਦੇ ਲੋਕਾਂ ਨੂੰ ਸਵੱਛ ਹਵਾ ਵਿੱਚ ਸਾਹ ਲੈਣ ਦਾ ਅਧਿਕਾਰ ਦਿਵਾਉਣ ਲਈ ਹਰ ਸਾਲ ਭਰ ਚੱਲਣ ਵਾਲ ਠੋਸ ਅਤੇ ਸਥਾਈ ਸੁਧਾਰ ਜ਼ਰੂਰੀ ਹਨ।

# ਅਦਾਲਤ ਦੀ ਇਜਾਜ਼ਤ ਬਿਨਾਂ ਪੰਜਾਬ ਵਿੱਚ ਨਹੀਂ ਕੱਟੇ ਜਾਣਗੇ ਰੁੱਖ

ਵਾਤਾਵਰਨ ਦੀ ਸਾਂਭ-ਸੰਭਾਲ ਦੇ ਮੁੱਦੇ 'ਤੇ ਇੱਕ ਅਹਿਮ ਅਤੇ ਦੂਰਗਾਮੀ ਹੁਕਮ ਪਾਸ ਕਰਦੇ ਹੋਏ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੂਰੇ ਪੰਜਾਬ ਵਿੱਚ ਅਦਾਲਤ ਦੀ ਅਗਾਊਂ ਇਜਾਜ਼ਤ ਦੇ ਬਗ਼ੈਰ ਰੁੱਖਾਂ ਦੀ ਕਟਾਈ 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਅਗਲੀ ਸੁਣਵਾਈ ਜਾਂ ਵਿਸ਼ੇਸ਼ ਇਜਾਜ਼ਤ ਦੇ ਬਗ਼ੈਰ ਸੂਬੇ ਵਿੱਚ ਕਿਤੇ ਵੀ ਰੁੱਖ ਨਹੀਂ ਵੱਢੇ ਜਾਣਗੇ।



ਇਹ ਹੁਕਮ ਮੋਹਾਲੀ ਦੀ ਏਅਰਪੋਰਟ ਰੋਡ 'ਤੇ ਤਜਵੀਜ਼ਸ਼ੁਦਾ 250 ਰੁੱਖਾਂ ਦੀ ਕਟਾਈ ਖ਼ਿਲਾਫ਼ ਦਾਖ਼ਲ ਇੱਕ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਦਿੱਤਾ ਗਿਆ। ਪਟੀਸ਼ਨ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਵਿਕਾਸ ਪ੍ਰੋਜੈਕਟਾਂ ਦੇ ਨਾਂ 'ਤੇ ਵਾਤਾਵਰਨ ਦੇ ਪੈਮਾਨਿਆਂ ਤੇ ਕਾਨੂੰਨੀ ਪ੍ਰਕਿਰਿਆਵਾਂ ਦੀ ਅਣਦੇਖੀ ਕਰਦੇ ਹੋਏ ਵੱਡੇ ਪੱਧਰ 'ਤੇ ਰੁੱਖਾਂ ਦੀ ਕਟਾਈ ਕੀਤੀ ਜਾ ਰਹੀ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦੇ ਹੋਏ ਜਵਾਬ ਤਲਬ ਕੀਤਾ ਹੈ ਅਤੇ ਪੁੱਛਿਆ ਹੈ ਕਿ ਸੂਬੇ ਵਿੱਚ ਵੱਖ-ਵੱਖ ਪ੍ਰੋਜੈਕਟਾਂ ਤਹਿਤ ਹੋ ਰਹੀ ਰੁੱਖਾਂ ਦੀ ਕਟਾਈ ਬਾਰੇ ਹੁਣ ਤੱਕ ਕੀ ਠੋਸ ਵਾਤਾਵਰਨੀ ਅਨੁਮਾਨ ਤੇ ਕਾਨੂੰਨੀ ਇਜਾਜ਼ਤ ਲਈ ਗਈ ਹੈ। ਇਹ ਜਨਹਿੱਤ ਪਟੀਸ਼ਨ ਮੋਹਾਲੀ ਵਾਸੀ ਸ਼ੁਭਮ ਸੇਖੋਂ ਵੱਲੋਂ ਦਾਖ਼ਲ ਕੀਤੀ ਗਈ ਹੈ। ਪਟੀਸ਼ਨਰ ਨੇ ਬਗ਼ੈਰ ਇਜਾਜ਼ਤ ਤੇ ਬਦਲਵੀਂ ਪਲਾਂਟੇਸ਼ਨ ਯੋਜਨਾ ਦੇ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਦਾ ਮੁੱਦਾ ਚੁੱਕਿਆ ਗਿਆ ਹੈ। ਇਸ ਪਿਛੋਕੜ ਵਿੱਚ ਅਦਾਲਤ ਨੇ ਰਾਜ ਪੱਧਰ 'ਤੇ ਸਖ਼ਤ ਰੋਕ ਲਗਾਉਣ ਦਾ ਫ਼ੈਸਲਾ ਕੀਤਾ। ਹਾਈ ਕੋਰਟ ਨੇ ਸੰਕੇਤ ਦਿੱਤੇ ਕਿ ਵਾਤਾਵਰਨ ਸੰਤੁਲਨ ਤੇ ਨਾਗਰਿਕਾਂ ਦੇ ਸਵੱਛ ਜੀਵਨ ਦੇ ਅਧਿਕਾਰ ਨੂੰ ਵਿਕਾਸ ਦੀ ਆੜ ਵਿੱਚ ਕੁਰਬਾਨ ਨਹੀਂ ਕੀਤਾ ਜਾ ਸਕਦਾ ਹੈ।

### ਕੇਂਦਰੀ ਰਿਪੋਰਟ ਵਿੱਚ ਖੁਲਾਸਾ, ਮਾਨਸੂਨ ਤੋਂ ਪਹਿਲਾਂ ਯੂਰੇਨੀਅਮ ਦਾ ਲੈਵਲ 53.04% ਤੇ ਮਾਨਸੂਨ ਪਿੱਛੋਂ ਹੋਇਆ 62.50%

# ‘ਮੱਠਾ ਜ਼ਹਿਰ’ ਬਣ ਗਿਆ ਧਰਤੀ ਹੇਠਲਾ ਪਾਣੀ

ਦਿਲਸ਼ੇਰ ਚੋਪੜਾ



**ਪੰਜ ਆਬਾਂ (ਦਰਿਆਵਾਂ) ਦੀ ਧਰਤੀ ਦੇ ਰੂਪ ਵਿੱਚ ਜਾਣੇ ਜਾਣ ਵਾਲੇ ਪੰਜਾਬ ਵਿੱਚ ਇਸ ਵੇਲੇ ਧਰਤੀ ਨੂੰ ਲੈ ਕੇ ਸੰਕਟ ਖੜ੍ਹਾ ਹੋ ਗਿਆ ਹੈ । ਭਾਰਤ ਸਰਕਾਰ ਦੀ ਗਰਾਊਂਡ ਵਾਟਰ ਕੁਆਲਿਟੀ ਅਸੈੱਸਮੈਂਟ ਰਿਪੋਰਟ 2025 ਵਿੱਚ ਪੰਜਾਬ ਦੇ ਪਾਣੀ ਬਾਰੇ ਜਿਹੜੀ ਰਿਪੋਰਟ ਪੇਸ਼ ਕੀਤੀ ਗਈ ਹੈ, ਉਹ ਸੱਚਮੁੱਚ ਡਰਾ ਦੇਣ ਵਾਲੀ ਹੈ । ਇਸ ਰਿਪੋਰਟ ਨੇ ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਵਿੱਚ ਗੰਭੀਰ ਪ੍ਰਦੂਸ਼ਣ ਦੀ ਪੁਸ਼ਟੀ ਕੀਤੀ ਹੈ । ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਮਾਨਸੂਨ ਤੋਂ ਬਾਅਦ ਲਏ ਗਏ 62.5% ਗਰਾਊਂਡ ਵਾਟਰ ਸੈਂਪਲਾਂ ਵਿੱਚ ਯੂਰੇਨੀਅਮ ਦੀ ਮਾਤਰਾ ਸੁਰੱਖਿਅਤ ਹੱਦ ਤੋਂ ਵੱਧ ਮਿਲੀ ਹੈ ।**

## ਦਿਲ, ਗੁਰਦਿਆਂ ਤੇ ਹੱਡੀਆਂ ਨੂੰ ਹੈ ਖਤਰਾ

**ਆਰਸੇਨਿਕ** : ਸਕਿਨ ’ਤੇ ਕਾਲੇ ਧੱਬੇ, ਛਾਲੇ ਅਤੇ ਸਕਿਨ, ਫੇਫੜਿਆਂ, ਮੂਤਰ ਮਾਰਗ, ਜਿਗਰ (ਲੀਵਰ) ਦਾ ਕੈਂਸਰ, ਦਿਲ ਦੀਆਂ ਬੀਮਾਰੀਆਂ, ਹਾਈ ਬਲੱਡ ਪ੍ਰੈਸ਼ਰ, ਨਸਾਂ ਨੂੰ ਨੁਕਸਾਨ (ਸੁੰਨਪਨ, ਦਰਦ), ਰੋਗ-ਰੋਕੂ ਸ਼ਕਤੀ ਦਾ ਘਟਣਾ ।

**ਫਲੋਰਾਈਡ** : ਦੰਦਾਂ ਦੀ ਫਲੋਰੋਸਿਸ (ਦਾਗਦਾਰ/ਕਮਜ਼ੋਰ ਦੰਦ), ਹੱਡੀਆਂ ਦੀ ਫਲੋਰੋਸਿਸ (ਜੋੜਾਂ ਦਾ ਦਰਦ, ਅਕੜਨ, ਝੁਕਣਾ), ਰੀੜ੍ਹ ਦੀ ਹੱਡੀ ਨੂੰ ਨੁਕਸਾਨ, ਬੱਚਿਆਂ ਦੇ ਸਰੀਰਕ ਵਿਕਾਸ ਵਿੱਚ ਰੁਕਾਵਟ ।

**ਲੈੱਡ** : ਬੱਚਿਆਂ ਦੇ ਦਿਮਾਗੀ ਵਿਕਾਸ ਵਿੱਚ ਰੁਕਾਵਟ, ਯਾਦ-ਸ਼ਕਤੀ ਘਟਣੀ, ਵਿਵਹਾਰਕ ਸਮੱਸਿਆਵਾਂ, ਗੁਰਦਿਆਂ ਦਾ ਨੁਕਸਾਨ, ਖੂਨ ਦੀ ਕਮੀ (ਅਨੀਮੀਆ), ਗਰਭਵਤੀ ਔਰਤਾਂ ਵਿੱਚ ਗਰਭਪਾਤ ਦਾ ਖਤਰਾ ।

**ਜ਼ਿਆਦਾ EC/ਖਾਰਾਪਨ** : ਹਾਈ ਬਲੱਡ ਪ੍ਰੈਸ਼ਰ, ਗੁਰਦਿਆਂ ’ਤੇ ਵਾਧੂ ਬੋਝ, ਪੇਟ ਦੀਆਂ ਸਮੱਸਿਆਵਾਂ (ਦਸਤ, ਬਦਹਜ਼ਮੀ), ਦਿਲ ਦੀਆਂ ਬੀਮਾਰੀਆਂ, ਡੀਹਾਈਡ੍ਰੇਸ਼ਨ ।

**ਯੂਰੇਨੀਅਮ** : ਗੁਰਦਿਆਂ ਦੀ ਖਰਾਬ ਕਾਰਜ ਪ੍ਰਣਾਲੀ, ਹੱਡੀਆਂ ਦੀ ਕਮਜ਼ੋਰੀ, ਹਾਰਮੋਨਲ ਗੜਬੜ, ਲੰਮੇ ਸਮੇਂ ਵਿੱਚ ਕੈਂਸਰ ਦਾ ਸੰਭਾਵਤ ਖਤਰਾ ।

**ਨੋਟ** : ਜੇ ਪਾਣੀ ਵਿੱਚ ਇੱਕ ਤੋਂ ਵੱਧ, ਰਸਾਇਣ ਇਕੱਠੇ ਜ਼ਿਆਦਾ ਮਾਤਰਾ ਵਿੱਚ ਹੋਣ ਤਾਂ ਖਤਰਾ ਕਈ ਗੁਣਾ ਵੱਧ ਜਾਂਦਾ ਹੈ ।

## 25 ਥਾਵਾਂ ’ਤੇ ਪੀਣ ਯੋਗ ਨਹੀਂ ਹੈ ਪਾਣੀ

ਪੰਜਾਬ ਦੀਆਂ 25 ਥਾਵਾਂ ’ਤੇ ਪਾਣੀ ਵਿੱਚ ਖਾਰਾਪਨ (ਈ.ਸੀ.) 3000 S/cm ਤੋਂ ਵੱਧ ਹੈ, ਜੋ ਪੀਣ ਯੋਗ ਨਹੀਂ । ਫਾਜ਼ਿਲਕਾ ਦੇ ਅਬੋਹਰ ਵਿੱਚ ਈ.ਸੀ. ਦਾ ਲੈਵਲ 9945 S/cm ਤੱਕ ਪਹੁੰਚ ਗਿਆ ਹੈ । ਭਾਰਤ ਸਰਕਾਰ ਦੀ ਰਿਪੋਰਟ ਅਨੁਸਾਰ ਹੇਠਾਂ ਦੱਸੇ ਗਏ ਪਿੰਡਾਂ ਵਿੱਚ ਪਾਣੀ ਪੀਣ ਯੋਗ ਨਹੀਂ ਹੈ...

**ਫਾਜ਼ਿਲਕਾ** : ਡਾਂਗਰ ਖੇੜਾ, ਹੌਜ਼ ਉਰਫ ਗੰਦਰ, ਦਾਣੇਵਾਲ ਸਤਕੋਸੀ, ਸਬੂਆਣਾ, ਸੋਹਨਗੜ੍ਹ ਰੱਤੇਵਾਲਾ, ਅਬੋਹਰ

**ਫਰੀਦਕੋਟ** : ਬੀਰ ਚਾਹਲ, ਪੱਕਾ, ਕਿੱਲੀ, ਜੈਤੋ, ਸੁਖਵਾਲਾ, ਕੋਟਕਪੂਰਾ

**ਮੁਕਤਸਰ** : ਸ਼ੇਰਾਂਵਾਲੀ/ਕੁੱਤਿਆਂਵਾਲੀ, ਕਬਰ ਵਾਲਾ, ਭਲਾਈਆਣਾ, ਲੰਬੀ

**ਪਟਿਆਲਾ** : ਬਾਸਮਾ ਪੇਪਲਾ, ਹਰੀ ਮਾਜਰਾ

**ਬਠਿੰਡਾ** : ਰਾਮਗੜ੍ਹ ਭੂੰਦੜ

**ਫਿਰੋਜ਼ਪੁਰ** : ਮੋਹਕਮਵਾਲਾ, ਬੰਗਾਖਾਲਾ

**ਮਾਨਸਾ** : ਆਦਮਕੇ, ਜੋਈਆਂ, ਰਾਏਪੁਰ

**ਨਵਾਂਸ਼ਹਿਰ** : ਤੌਂਸਾ

## ਪਾਣੀ ਵਿੱਚ ਸਭ ਤੋਂ ਵੱਧ ਯੂਰੇਨੀਅਮ ਪ੍ਰਦੂਸ਼ਣ

ਪਾਣੀ ਦੀ ਜਾਂਚ ਲਈ ਦੇਸ਼ ਭਰ ਦੇ ਸੂਬਿਆਂ ਵਿੱਚੋਂ ਮਾਨਸੂਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਜ਼ਮੀਨ ਹੇਠਲੇ ਪਾਣੀ ਦੇ ਕੁੱਲ 3,754 ਨਮੂਨੇ ਲਏ ਗਏ ਸਨ, ਜਿਸ ਨਾਲ ਇਹ ਰਿਪੋਰਟ ਤਿਆਰ ਕੀਤੀ ਗਈ ਹੈ । ਇਹ ਕੇਂਦਰੀ ਰਿਪੋਰਟ ਸਪੱਸ਼ਟ ਦੱਸਦੀ ਹੈ ਕਿ ਯੂਰੇਨੀਅਮ ਦਾ ਲੈਵਲ ਮਾਨਸੂਨ ਤੋਂ ਪਹਿਲਾਂ 6.71% ਅਤੇ ਮਾਨਸੂਨ ਤੋਂ ਬਾਅਦ 7.91% ਨਮੂਨਿਆਂ ਵਿੱਚ ਸੁਰੱਖਿਤ ਹੱਦ ਤੋਂ ਉੱਪਰ ਮਿਲਿਆ ।

ਕੇਂਦਰ ਸਰਕਾਰ ਦੀ ਇਸ ਰਿਪੋਰਟ ਅਨੁਸਾਰ ਪੰਜਾਬ, ਹਰਿਆਣਾ, ਰਾਜਸਥਾਨ, ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਵਰਗੇ ਸੂਬਿਆਂ ਵਿੱਚ ਕਿਤੇ-ਕਿਤੇ ਜ਼ਮੀਨ ਹੇਠਲੇ ਪਾਣੀ ਵਿੱਚ ਯੂਰੇਨੀਅਮ ਦਾ ਲੇਵਲ 30 ਪੀ. ਪੀ. ਬੀ. (ਪਾਰਟਸ ਪਰ ਬਿਲੀਅਨ) ਤੈਅ ਹੱਦ ਤੋਂ ਵੱਧ ਮਿਲਿਆ ਹੈ । ਇਨ੍ਹਾਂ ਵਿੱਚ ਸਭ ਤੋਂ ਵੱਧ ਯੂਰੇਨੀਅਮ ਪ੍ਰਦੂਸ਼ਣ ਪੰਜਾਬ ਦੇ ਪਾਣੀ ਵਿੱਚ ਵੇਖਿਆ ਗਿਆ ਹੈ । ਪੰਜਾਬ ਵਿੱਚ ਕੁੱਲ 156 ਸਥਾਨਾਂ ’ਤੇ ਜ਼ਮੀਨ ਹੇਠਲੇ ਪਾਣੀ ਵਿੱਚ ਯੂਰੇਨੀਅਮ ਦਾ ਲੈਵਲ ਸੁਰੱਖਿਅਤ ਹੱਦ ਤੋਂ ਵੱਧ ਮਿਲਿਆ ਹੈ । ਪੰਜਾਬ ਵਿੱਚ ਮਾਨਸੂਨ ਤੋਂ ਪਹਿਲਾਂ ਦੇ ਪਾਣੀ ਦੇ ਨਮੂਨਿਆਂ ਵਿੱਚ ਯੂਰੇਨੀਅਮ ਦਾ ਲੈਵਲ 53.04% ਅਤੇ ਮਾਨਸੂਨ ਤੋਂ ਬਾਅਦ ਦੇ ਪਾਣੀ ਵਿੱਚ 62.50% ਵੱਧ ਮਿਲਿਆ । ਗੁਆਂਢੀ ਸੂਬੇ ਹਰਿਆਣਾ ਵਿੱਚ ਮਾਨਸੂਨ ਤੋਂ ਪਹਿਲਾਂ ਦੇ ਪਾਣੀ ਦੇ ਨਮੂਨਿਆਂ ਵਿੱਚ ਯੂਰੇਨੀਅਮ ਦਾ ਲੈਵਲ 15% ਅਤੇ ਮਾਨਸੂਨ ਤੋਂ ਬਾਅਦ 23.75% ਵੱਧ ਵੇਖਿਆ ਗਿਆ । ਰਾਜਧਾਨੀ ਦਿੱਲੀ (13-15.66%), ਕਰਨਾਟਕ (6-8%) ਤੇ ਉੱਤਰ ਪ੍ਰਦੇਸ਼ (5-6%) ਵਿੱਚ ਵੀ ਉੱਥੇ ਲੈਵਲ ਮਿਲੇ ਹਨ । ਰਾਜਸਥਾਨ ਤੇ ਛੱਤੀਸਗੜ੍ਹ ਵਿੱਚ ਦਰਮਿਆਨੇ ਲੈਵਲ ਦਾ ਪ੍ਰਦੂਸ਼ਣ ਵੇਖਿਆ ਗਿਆ, ਜਦੋਂਕਿ ਹੋਰ ਸੂਬਿਆਂ ਵਿੱਚ ਯੂਰੇਨੀਅਮ ਦਾ ਲੈਵਲ ਸੁਰੱਖਿਅਤ ਹੱਦ ਦੇ ਅੰਦਰ ਸੀ ।

**ਸੰਗਰੂਰ** : ਸਭ ਤੋਂ ਵੱਧ ਚਿੰਤਾਜਨਕ ਮਾਮਲਾ ਸ਼ਾਦੀ ਹਰੀ ਪਿੰਡ ਤੋਂ ਸਾਹਮਣੇ ਆਇਆ, ਜਿੱਥੇ ਯੂਰੇਨੀਅਮ ਦਾ ਲੈਵਲ 201.7 ਪੀ. ਪੀ. ਬੀ. ਦਰਜ ਕੀਤਾ ਗਿਆ ।

**ਬਠਿੰਡਾ** : ਜ਼ਿਲ੍ਹੇ ਦੇ ਪਿੰਡ ਗੁਰੂਸਰ ਵਿੱਚ ਯੂਰੇਨੀਅਮ ਦਾ ਲੈਵਲ 146.6 ਪੀ. ਪੀ. ਬੀ. ਤੇ ਦਿਆਲਪੁਰ ਮਿਰਜ਼ਾ ਵਿੱਚ 105.9 ਪੀ. ਪੀ. ਬੀ. ਦਰਜ ਕੀਤਾ ਗਿਆ ।

### ਭਿਆਨਕ ਪੱਧਰ ’ਤੇ ਨਾਈਟ੍ਰੇਟ ਪ੍ਰਦੂਸ਼ਣ

ਨਾਈਟ੍ਰੇਟ ਦੀ ਗੰਦਗੀ 34 ਸਥਾਨਾਂ ’ਤੇ 45 ਐੱਮ. ਜੀ./ਲਿ. (ਮਿਲੀਗ੍ਰਾਮ/ਪ੍ਰਤੀ ਲਿਟਰ) ਦੀ ਮਨਜ਼ੂਰਸ਼ੁਦਾ ਹੱਦ ਤੋਂ ਵੱਧ ਮਿਲੀ ।

**ਮਾਨਸਾ** : ਜ਼ਿਲ੍ਹੇ ਦੇ ਜੋਈਆਂ ਵਿੱਚ ਨਾਈਟ੍ਰੇਟ ਦੀ ਮਾਤਰਾ ਸਭ ਤੋਂ ਵੱਧ 440 ਐਮ. ਜੀ./ਲਿ. ਤੱਕ ਪਹੁੰਚ ਗਈ ਹੈ ।

**ਪਟਿਆਲਾ** : ਬਸਮਾ ਪੀਪਲਾ ਵਿੱਚ 311 ਐੱਮ. ਜੀ./ਲਿ. ਦੇ ਉੱਚ ਲੈਵਲ ਦਰਜ ਕੀਤੇ ਗਏ ।

**ਬਠਿੰਡਾ** : ਰਾਮਾਂ ਮੰਡੀ ਵਿੱਚ ਨਾਈਟ੍ਰੇਟ ਦਾ ਲੈਵਲ 260 ਐੱਮ. ਜੀ. / ਲਿ. ਦਰਜ ਹੋਇਆ ।

### ਅੰਮ੍ਰਿਤਸਰ ਦੇ ਡੱਲਾ ਵਿੱਚ ਸਭ ਤੋਂ ਵੱਧ ਆਰਸੈਨਿਕ

ਕੁੱਲ 27 ਸਥਾਨਾਂ ਦੀ ਪਛਾਣ ਕੀਤੀ ਗਈ ਹੈ, ਜਿੱਥੇ ਪਾਣੀ ਵਿੱਚ ਆਰਸੈਨਿਕ ਦੀ ਮਾਤਰਾ 10 ਪੀ. ਪੀ. ਬੀ. ਦੀ ਸੁਰੱਖਿਅਤ ਹੱਦ ਤੋਂ ਵੱਧ ਹੈ ।

**ਅੰਮ੍ਰਿਤਸਰ** : ਆਰਸੈਨਿਕ ਦੀ ਸਭ ਤੋਂ ਵੱਧ ਮਾਤਰਾ ਜਗਦੇਵ ਖੁਰਦ (ਡੱਲਾ) ਵਿੱਚ 67.8 ਪੀ. ਪੀ. ਬੀ. ਦਰਜ ਕੀਤੀ ਗਈ ਹੈ ।

**ਗੁਰਦਾਸਪੁਰ** : ਗੁਰਚੱਕ ਵਿੱਚ 57.4 ਪੀ. ਪੀ. ਬੀ. ਆਰਸੈਨਿਕ ਦਰਜ ਕੀਤਾ ਗਿਆ ।

**ਅੰਮ੍ਰਿਤਸਰ** : ਸਾਜਾਦਾ ਪਿੰਡ ਵਿੱਚ ਆਰਸੈਨਿਕ ਦਾ ਲੈਵਲ 52 ਪੀ. ਪੀ. ਬੀ. ਦਰਜ ਕੀਤਾ ਗਿਆ ।

### 27 ਸਥਾਨਾਂ ’ਤੇ ਜ਼ਿਆਦਾ ਫਲੋਰਾਈਡ

ਕੁੱਲ 27 ਸਥਾਨਾਂ ’ਤੇ ਫਲੋਰਾਈਡ ਦੀ ਮਾਤਰਾ 1.5 ਐੱਮ. ਜੀ./ਲਿ. ਦੀ ਸੁਰੱਖਿਅਤ ਹੱਦ ਤੋਂ ਵੱਧ ਦਰਜ ਕੀਤੀ ਗਈ । ਇਸ ਸੂਚੀ ਵਿੱਚ ਜ਼ਿਆਦਾਤਰ ਸਥਾਨ ਮਾਲਵਾ ਖੇਤਰ (ਬਠਿੰਡਾ, ਫਰੀਦਕੋਟ, ਮਾਨਸਾ, ਮੁਕਤਸਰ, ਸੰਗਰੂਰ) ਨਾਲ ਸੰਬੰਧਤ ਹਨ ।

**ਆਦਮਕੇ (ਜ਼ਿਲ੍ਹਾ ਮਾਨਸਾ)** : 10.40 mg/L

**ਝੋਰੜ (ਜ਼ਿਲ੍ਹਾ ਮੁਕਤਸਰ)** : 5.30 mg/L

**ਮਲਕਪੁਰ (ਜ਼ਿਲ੍ਹਾ ਐਸ. ਏ. ਐਸ. ਨਗਰ)** : 4.50 mg/L

### ਹੋਰ ਧਾਤੂਆਂ ਦੀ ਮੌਜੂਦਗੀ

**ਆਇਰਨ** : ਪਾਣੀ ਵਿੱਚ ਆਇਰਨ ਦੀ ਸੁਰੱਖਿਅਤ ਮਾਤਰਾ 1.0 ਐਮ. ਜੀ./ਲਿ. ਹੈ ਪਰ ਇਹ 11 ਸਥਾਨਾਂ ’ਤੇ ਵੱਧ ਮਿਲੀ ਹੈ । ਗੁਰਦਾਸਪੁਰ ਦੇ ਬਾਊਪੁਰ ਅਫਗਾਨਨ ਵਿੱਚ ਇਹ ਮਾਤਰਾ 5.110 ਐੱਮ. ਜੀ./ਲਿ. ਸੀ ।

**ਲੈੱਡ** : ਹੁਸ਼ਿਆਰਪੁਰ ਦੇ ਪੰਜੌਰ ਵਿੱਚ ਲੈੱਡ ਦੀ ਮਾਤਰਾ 0.011 ਐਮ. ਜੀ./ਲਿ. ਮਿ.ਲੀ. ਹੈ, ਜੋ ਤੈਅ ਹੱਦ ਤੋਂ ਵੱਧ ਹੈ ।

**ਮੈਂਗਨੀਜ਼** : ਮੈਂਗਨੀਜ਼ ਦਾ ਲੈਵਲ 12 ਸਥਾਨਾਂ ’ਤੇ 0.3 ਐਮ. ਜੀ./ਲਿ. ਤੋਂ ਵੱਧ ਦਰਜ ਕੀਤਾ ਗਿਆ ਹੈ । ਅੰਮ੍ਰਿਤਸਰ ਦੇ ਸਾਜਾਦਾ ਵਿੱਚ ਇਸ ਦਾ ਲੈਵਲ 1.366 ਐਮ.ਜੀ./ਲਿ. ਅਤੇ ਨਵਾਂਸ਼ਹਿਰ ਦੇ ਤੌਸਾ ਵਿੱਚ 0.902 ਐਮ. ਜੀ./ਲਿ. ਦਰਜ ਹੋਇਆ ਹੈ ।

## ਖਤਰੇ ਵਿੱਚ ਪੰਜਾਬ ਦੇ ਲੋਕ ! ਪ੍ਰਭਾਵਿਤ ਜ਼ਿਲ੍ਹੇ

**ਜਲੰਧਰ** : ਇਸ ਜ਼ਿਲ੍ਹੇ ਵਿੱਚ ਨਾਈਟ੍ਰੇਟ ਤੇ ਯੂਰੇਨੀਅਮ ਦੀ ਮਾਤਰਾ ਜ਼ਿਆਦਾ ਵੇਖੀ ਗਈ ਹੈ ।

**ਅੰਮ੍ਰਿਤਸਰ** : ਇੱਥੇ ਨਾਈਟ੍ਰੇਟ, ਆਇਰਨ, ਯੂਰੇਨੀਅਮ, ਆਰਸੇਨਿਕ ਤੇ ਮੈਂਗਨੀਜ਼ ਦੀ ਜ਼ਿਆਦਾ ਮਾਤਰਾ ਮਿਲੀ ਸੀ ।

**ਬਰਨਾਲਾ** : ਇਸ ਜ਼ਿਲ੍ਹੇ ਵਿੱਚ ਇਲੈਕਟ੍ਰੀਕਲ ਕੰਡਕਟੀਵਿਟੀ (EC), ਨਾਈਟ੍ਰੇਟ ਤੇ ਯੂਰੇਨੀਅਮ ਦੀ ਮਾਤਰਾ ਤੈਅ ਹੱਦ ਤੋਂ ਵੱਧ ਸੀ ।

**ਬਠਿੰਡਾ** : ਇੱਥੇ EC, ਫਲੋਰਾਈਡ, ਨਾਈਟ੍ਰੇਟ ਤੇ ਯੂਰੇਨੀਅਮ ਦਾ ਉੱਚ ਲੈਵਲ ਦਰਜ ਕੀਤਾ ਗਿਆ ।

**ਫਰੀਦਕੋਟ** : ਇਸ ਜ਼ਿਲ੍ਹੇ ਵਿੱਚ EC, ਫਲੋਰਾਈਡ, ਨਾਈਟ੍ਰੇਟ ਤੇ ਯੂਰੇਨੀਅਮ ਦੀ ਸਮੱਸਿਆ ਰਿਪੋਰਟ ਕੀਤੀ ਗਈ ।

**ਫਤਹਿਗੜ੍ਹ ਸਾਹਿਬ** : ਇੱਥੇ ਨਾਈਟ੍ਰੇਟ ਤੇ ਯੂਰੇਨੀਅਮ ਦਾ ਉੱਚ ਲੈਵਲ ਕਰਜ ਕੀਤਾ ਗਿਆ ।

**ਫਾਜ਼ਿਲਕਾ** : ਇੱਥੇ EC, ਫਲੋਰਾਈਡ, ਨਾਈਟ੍ਰੇਟ ਤੇ ਯੂਰੇਨੀਅਮ ਦੀ ਤੈਅ ਹੱਦ ਤੋਂ ਵੱਧ ਮਾਤਰਾ ਦਰਜ ਕੀਤੀ ਗਈ ।

**ਫਿਰੋਜ਼ਪੁਰ** : ਇਸ ਜ਼ਿਲ੍ਹੇ ਵਿੱਚ EC, ਨਾਈਟ੍ਰੇਟ, ਯੂਰੇਨੀਅਮ ਤੇ ਆਰਸੇਨਿਕ ਦੀ ਮਾਤਰਾ ਵੱਧ ਸੀ ।

**ਗੁਰਦਾਸਪੁਰ** : ਇੱਥੇ ਨਾਈਟ੍ਰੇਟ, ਆਇਰਨ, ਆਰਸੇਨਿਕ ਤੇ ਮੈਗਨੀਜ਼ ਦੇ ਉੱਚ ਲੈਵਲ ਵੇਖੇ ਗਏ ।

**ਹੁਸ਼ਿਆਰਪੁਰ** : ਇੱਥੇ ਨਾਈਟ੍ਰੇਟ, ਆਇਰਨ, ਆਰਸੇਨਿਕ ਤੇ ਲੈੱਡ (Lead) ਦੀ ਮਾਤਰਾ ਤੈਅ ਹੱਦ ਤੋਂ ਵੱਧ ਸੀ ।

**ਕਪੂਰਥਲਾ** : ਇੱਥੇ ਨਾਈਟ੍ਰੇਟ ਤੇ ਯੂਰੇਨੀਅਮ ਦੀ ਉੱਚ ਮਾਤਰਾ ਰਿਪੋਰਟ ਕੀਤੀ ਗਈ ।

**ਲੁਧਿਆਣਾ** : ਇਸ ਜ਼ਿਲ੍ਹੇ ਵਿੱਚ ਨਾਈਟ੍ਰੇਟ ਤੇ ਯੂਰੇਨੀਅਮ ਦੀ ਮਾਤਰਾ ਵੱਧ ਸੀ ।

**ਮਾਨਸਾ** : EC, ਫਲੋਰਾਈਡ (ਇੱਕ ਸਥਾਨ ’ਤੇ 10.40 mg/L ਤੱਕ), ਨਾਈਟ੍ਰੇਟ ਤੇ ਯੂਰੇਨੀਅਮ ਦੇ ਉੱਚ ਲੈਵਲ ਦਰਜ ਕੀਤੇ ਗਏ ।

**ਮੋਗਾ** : ਇੱਥੇ ਫਲੋਰਾਈਡ, ਨਾਈਟ੍ਰੇਟ ਤੇ ਯੂਰੇਨੀਅਮ ਦੇ ਉੱਚ ਲੈਵਲ ਮਿਲੇ ।

**ਮੁਕਤਸਰ** : ਇਸ ਜ਼ਿਲ੍ਹੇ ਵਿੱਚ EC, ਫਲੋਰਾਈਡ, ਨਾਈਟ੍ਰੇਟ ਤੇ ਯੂਰੇਨੀਅਮ ਦੀ ਜ਼ਿਆਦਾ ਮਾਤਰਾ ਸੀ ।

**ਨਵਾਂ ਸ਼ਹਿਰ** : ਇੱਥੇ EC ਤੇ ਮੈਗਨੀਜ਼ ਦੀ ਮਾਤਰਾ ਤੈਅ ਹੱਦ ਤੋਂ ਵੱਧ ਮਿਲੀ ।

**ਪਠਾਨਕੋਟ** : ਇਸ ਜ਼ਿਲ੍ਹੇ ਵਿੱਚ ਨਾਈਟ੍ਰੇਟ, ਯੂਰੇਨੀਅਮ, ਤੇ ਮੈਂਗਨੀਜ਼ ਦੇ ਉੱਚੇ ਲੈਵਲ ਵੇਖੇ ਗਏ ।

**ਪਟਿਆਲਾ** : EC, ਫਲੋਰਾਈਡ, ਨਾਈਟ੍ਰੇਟ, ਯੂਰੇਨੀਅਮ ਤੇ ਆਰਸੇਨਿਕ ਦੀ ਰਿਪੋਰਟ ਸੀ ।

**ਰੂਪਨਗਰ** : ਇਸ ਜ਼ਿਲ੍ਹੇ ਵਿੱਚ ਨਾਈਟ੍ਰੇਟ ਤੇ ਆਇਰਨ ਦੀ ਮਾਤਰਾ ਵੱਧ ਸੀ ।

**ਸੰਗਰੂਰ** : ਇੱਥੇ ਫਲੋਰਾਈਡ, ਨਾਈਟ੍ਰੇਟ ਤੇ ਯੂਰੇਨੀਅਮ ਦੇ ਉੱਚ ਲੈਵਲ ਮੌਜੂਦ ਸਨ ।

**ਐੱਸ. ਏ. ਐੱਸ. ਨਗਰ** : ਇੱਥੇ ਫਲੋਰਾਈਡ ਤੇ ਮੈਂਗਨੀਜ਼ ਦੀ ਮਾਤਰਾ ਤੈਅ ਹੱਦ ਤੋਂ ਵੱਧ ਰਿਪੋਰਟ ਕੀਤੀ ਗਈ ਸੀ ।

**ਤਰਨਤਾਰਨ** : ਇਸ ਜ਼ਿਲ੍ਹੇ ਵਿੱਚ ਫਲੋਰਾਈਡ, ਨਾਈਟ੍ਰੇਟ, ਯੂਰੇਨੀਅਮ ਤੇ ਆਰਸੇਨਿਕ ਦੀ ਉੱਚ ਮਾਤਰਾ ਦਰਜ ਕੀਤੀ ਗਈ ।

***ਕੇਂਦਰੀ ਰਿਪੋਰਟ (ਪ੍ਰੀ-ਮਾਨਸੂਨ 2024) ਅਨੁਸਾਰ ਜ਼ਮੀਨ ਹੇਠਲੇ ਪਾਣੀ ਦੀ ਗੁਣਵੱਤਾ ਖਰਾਬ ਹੋਣ ਕਾਰਨ ਪੰਜਾਬ ਦੇ ਜ਼ਿਲ੍ਹਿਆਂ ਵਿੱਚ ਤੈਅ ਹੱਦ ਤੋਂ ਵੱਧ ਪ੍ਰਦੂਸ਼ਣ ਦਰਜ ਕੀਤਾ ਗਿਆ ।***

# ਪਿਛੇਤੀ ਕਣਕ ਦਾ ਝਾੜ ਕਿਵੇਂ ਵਧਾਇਆ ਜਾਵੇ?



ਭਗਵਾਨ ਦਾਸ

ਪੰਜਾਬ ਵਿੱਚ 2025-26 ਦੀ ਹਾੜ੍ਹੀ ਦੀ ਫ਼ਸਲ ਦੌਰਾਨ ਕਣਕ ਦੀ ਕਾਸ਼ਤ ਲਈ 35 ਲੱਖ ਹੈਕਟੇਅਰ ਦਾ ਟੀਚਾ ਰੱਖਿਆ ਗਿਆ ਹੈ। ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਨਿਰਦੇਸ਼ਕ ਡਾ. ਜਸਵੰਤ ਸਿੰਘ ਅਨੁਸਾਰ ਇਸ ਸਾਰੇ 35 ਲੱਖ ਹੈਕਟੇਅਰ ਰਕਬੇ 'ਤੇ ਬੀਜੀ ਜਾ ਚੁੱਕੀ ਹੈ। ਉਹ ਦੱਸਦੇ ਹਨ ਕਿ ਹੁਣ ਤੱਕ ਫ਼ਸਲ ਦੀ ਹਾਲਤ ਬਹੁਤ ਚੰਗੀ ਹੈ, ਹਾਲਾਂਕਿ ਅਜੇ ਉਤਪਾਦਨ ਦਾ ਅਨੁਮਾਨ ਸਹੀ ਨਹੀਂ ਲਗਾਇਆ ਜਾ ਸਕਦਾ, ਕਿਉਂਕਿ ਮੌਸਮ ਵਿੱਚ ਅਗਲੇ ਦਿਨਾਂ ਵਿੱਚ ਬਹੁਤ ਤਬਦੀਲੀਆਂ ਆ ਸਕਦੀਆਂ ਹਨ, ਜੋ ਫ਼ਸਲ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਜੋ ਠੰਢਾ ਮੌਸਮ ਚੱਲ ਰਿਹਾ ਹੈ, ਉਹ ਕਣਕ ਲਈ ਬਹੁਤ ਲਾਭਦਾਇਕ ਹੈ। ਬਿਜਾਈ ਅਧੀਨ ਵੱਡਾ ਪਰਾਲੀ ਵਾਲਾ ਰਕਬਾ (ਬਿਨਾਂ ਅੱਗ ਲਗਾਇਆਂ) ਸੁਪਰ ਸੀਡਰ ਤੇ ਸਮਰਾਟ ਲੀਡਰ ਆਦਿ ਨਾਲ ਬੀਜਿਆ ਗਿਆ ਹੈ, ਜਿਸ ਕਰਕੇ ਫ਼ਸਲ ਨੂੰ ਸੁੰਡੀ ਦੀ ਸਮੱਸਿਆ ਆਉਣ ਦਾ ਡਰ ਹੈ। ਇਸ ਨੂੰ ਖ਼ਤਮ ਕਰਨ ਲਈ ਠੰਢ ਤੇ ਮੀਂਹ ਬਹੁਤ ਪ੍ਰਭਾਵਸ਼ਾਲੀ ਹਨ। ਥੋੜ੍ਹੇ ਮੋਟੇ ਮਟਰਾਂ, ਆਲੂਆਂ, ਗੰਨਾ ਤੇ ਸਬਜ਼ੀਆਂ ਵਾਲੇ ਰਕਬੇ 'ਤੇ ਕਣਕ ਦੀ ਬਿਜਾਈ ਕੁੱਝ ਚੋਣਵੇਂ ਕਿਸਾਨ ਲੋਹੜੀ ਤੱਕ ਹੀ ਕਰਨਗੇ। ਅਜਿਹੇ ਰਕਬੇ 'ਤੇ ਬਿਜਾਈ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ. ਲੁਧਿਆਣਾ) ਵੱਲੋਂ ਵਿਕਸਤ ਪੀ. ਬੀ. ਡਬਲਊ-757 ਅਤੇ ਪੀ. ਬੀ. ਡਬਲਊ-752 ਭਾਰਤੀ ਖੇਤੀ ਖੋਜ ਸੰਸਥਾਨ ਨਵੀਂ ਦਿੱਲੀ (ਆਈ. ਸੀ. ਏ. ਆਰ.) ਵੱਲੋਂ ਜਾਰੀ ਐਚ. ਡੀ.-3298 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਖੇਤੀ ਮਾਹਿਰਾਂ ਅਨੁਸਾਰ ਪਛੇਤੀ ਬੀਜੀ ਕਣਕ ਨੂੰ ਅਗੇਤੀ ਬੀਜੀ ਕਣਕ ਨਾਲੋਂ ਯੂਰੀਆ ਖਾਦ 25% ਤੱਕ ਘਟਾ ਕੇ ਪਾਉਣਾ ਚਾਹੀਦਾ ਹੈ, ਜਦਕਿ ਕਲਰਾਠੀ ਜ਼ਮੀਨਾਂ ਵਿੱਚ ਬੀਜੀ ਕਣਕ ਨੂੰ 25% ਵਧੇਰੇ ਯੂਰੀਆ ਪਾਉਣ ਦੀ ਸਿਫ਼ਾਰਸ਼ ਹੈ। ਜੇ ਸਮੇਂ ਸਿਰ ਨਵੰਬਰ ਜਾਂ ਸ਼ੁਰੂ ਦਸੰਬਰ ਵਿੱਚ ਬੀਜੀ ਕਣਕ ਨੂੰ 110 ਕਿਲੋ ਪ੍ਰਤੀ ਏਕੜ ਯੂਰੀਆ ਪਾਉਣ ਉਪਰੰਤ ਵੀ ਫ਼ਸਲ 'ਤੇ ਨਾਈਟ੍ਰੋਜਨ ਤੱਤ ਦੀ ਘਾਟ ਦੇ ਲੱਛਣ ਦਿਖਾਈ ਦੇਣ ਤਾਂ 3% ਯੂਰੀਆ ਘੋਲ (9 ਕਿਲੋ ਯੂਰੀਆ 300 ਲਿਟਰ ਪਾਣੀ ਵਿੱਚ) ਦੋ ਪਾਸਾ ਛਿੜਕਾਅ ਕਰਨਾ ਚਾਹੀਦਾ ਹੈ। ਕਣਕ ਫਾਸਫੋਰਸ ਖਾਦ ਨੂੰ ਵਧੇਰੇ ਮੰਨਦੀ ਹੈ। ਇਸ ਨੂੰ ਫਾਸਫੋਰਸ ਖਾਦ ਜਾਂ ਡੀ. ਏ. ਪੀ. ਪੂਰੀ ਸਿਫ਼ਾਰਸ਼ ਕੀਤੀ ਗਈ ਮਾਤਰਾ ਵਿੱਚ ਪਾਉਣੀ ਚਾਹੀਦੀ ਹੈ।

ਭਾਰਤੀ ਖੇਤੀਬਾੜੀ ਖੋਜ ਸੰਸਥਾਨ (ਆਈ. ਸੀ. ਏ. ਆਰ) ਦੇ ਕਣਕ ਦੇ ਸੀਨੀਅਰ ਬ੍ਰੀਡਰ ਡਾ. ਰਾਜਬੀਰ ਯਾਦਵ ਕਹਿੰਦੇ ਹਨ ਕਿ ਦੇਰੀ ਨਾਲ ਬੀਜੀ ਕਣਕ ਦੇ ਬੂਟਿਆਂ ਵਿੱਚ 15 ਸੈ.ਮੀ. ਦੀ ਵਿੱਥ ਰੱਖਣੀ ਚਾਹੀਦੀ ਹੈ ਤੇ ਨਦੀਨਾਂ ਨੂੰ ਪ੍ਰਭਾਵਸ਼ਾਲੀ ਵਿਧੀਆਂ ਤੇ ਯੂ. ਪੀ. ਐਲ. ਜਿਹੀਆਂ ਨਾਮਵਰ ਕੰਪਨੀਆਂ ਤੋਂ ਬਣਾਏ ਵਧੀਆ ਨਦੀਨ ਨਾਸ਼ਕ ਵਰਤ ਕੇ ਕਾਬੂ ਕੀਤਾ ਜਾਣਾ ਚਾਹੀਦਾ ਹੈ। ਕਿਸਾਨਾਂ ਨੂੰ ਇਸ ਵੇਲੇ ਬੀਜੀਆਂ ਜਾਣ ਵਾਲੀਆਂ ਕਣਕ ਦੀਆਂ ਪਛੇਤੀਆਂ ਕਿਸਮਾਂ ਵਿੱਚ 45 ਕਿਲੋ ਪ੍ਰਤੀ ਏਕੜ ਯੂਰੀਆ ਬਿਜਾਈ ਵੇਲੇ ਤੇ ਬਿਜਾਈ ਵੇਲੇ ਹੀ ਸਾਰਾ ਫਾਸਫੋਰਸ ਤੇ ਪੋਟਾਸ਼ ਵੀ ਪਾ ਦੇਣਾ ਚਾਹੀਦਾ ਹੈ। ਡੀ.ਏ.ਪੀ. 55 ਕਿਲੋ ਪ੍ਰਤੀ ਏਕੜ ਵਰਤਿਆ ਜਾਵੇ। ਯੂਰੀਆ ਨੀਮ-ਕੋਟਿਡ ਹੀ ਇਸਤੇਮਾਲ ਹੋਵੇ।

ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਕਹਿੰਦੇ ਹਨ ਕਿ ਭਾਵੇਂ ਦੇਰੀ ਦੀ ਬਿਜਾਈ ਨਾਲ ਝਾੜ ਘਟਦਾ ਹੈ, ਪਰ ਜੇ ਤਾਪਮਾਨ ਠੀਕ ਰਹੇ ਤੇ ਮਾਹਿਰਾਂ ਦੀਆਂ ਸਿਫ਼ਾਰਸ਼ਾਂ ਅਪਣਾਈਆਂ ਜਾਣ ਤਾਂ ਝਾੜ ਵਿੱਚ 1.5 ਕੁਇੰਟਲ ਪ੍ਰਤੀ ਏਕੜ ਹਰ ਹਫ਼ਤੇ ਵਿੱਚ ਕਮੀ ਘਟਣ ਦੀ ਸੰਭਾਵਨਾ ਬਣ ਜਾਂਦੀ ਹੈ। ਬੀਜ ਨੂੰ ਸਾਫ਼ ਤੇ ਗ੍ਰੇਡ ਕਰਕੇ ਬੀਜਣਾ ਚਾਹੀਦਾ ਹੈ। ਸਿਉਂਕ ਦੇ ਹਮਲੇ ਵਾਲੀਆਂ ਜ਼ਮੀਨਾਂ ਵਿੱਚ ਕਲੋਰੋਪਾਈਰੀਫਾਸ ਦਾ ਇਸਤੇਮਾਲ ਕੀਤਾ ਜਾਵੇ। ਬੀਜ ਨੂੰ ਪ੍ਰੋਵੈਕਸ, ਇਲੈਕਟ੍ਰੋਨ, ਰੈਕਸਲ ਜਾਂ ਵੀਟਾਵੈਕਸ ਨਾਲ ਸੋਧ ਲੈਣਾ ਚਾਹੀਦਾ ਹੈ। ਇਹ ਸੋਧ ਬਿਜਾਈ ਤੋਂ ਇੱਕ ਮਹੀਨੇ ਪਹਿਲਾਂ ਦੀ ਨਹੀਂ ਹੋਣੀ ਚਾਹੀਦੀ। ਵਧੇਰੇ ਝਾੜ ਲੈਣ ਲਈ ਦੋ-ਤਰਫਾ ਢੰਗ ਅਪਣਾ ਕੇ ਬਿਜਾਈ ਕਰਨੀ ਚਾਹੀਦੀ ਹੈ। ਪਾਣੀ ਦੀ ਸੁਚੱਜੀ ਵਰਤੋਂ ਲਈ ਭਾਰੀ ਜ਼ਮੀਨ ਵਿੱਚ 8 ਕਿਆਰੇ ਤੇ ਰੇਤਲੀ ਜ਼ਮੀਨ ਵਿੱਚ 16 ਕਿਆਰੇ ਪ੍ਰਤੀ ਏਕੜ ਪਾਏ ਜਾਣੇ ਚਾਹੀਦੇ ਹਨ। ਦੇਰੀ ਨਾਲ ਬੀਜੀ ਕਣਕ ਨੂੰ ਪਹਿਲਾ ਪਾਣੀ ਚਾਰ ਹਫ਼ਤੇ ਬਾਅਦ, ਦੂਜਾ ਪਾਣੀ ਬੂਟੇ ਦੀ ਜੜ੍ਹ ਫੈਲਣ ਸਮੇਂ ਅਤੇ ਤੀਜਾ ਪਾਣੀ ਸਿੱਟਿਆਂ ਨੂੰ ਬੂਰ ਪੈਣ ਸਮੇਂ ਦੇਣਾ ਚਾਹੀਦਾ ਹੈ। ਪਛੇਤੀ ਕਣਕ ਨੂੰ ਸਹੀ ਵਿਕਾਸ ਤੇ ਵਾਧੇ ਲਈ ਤੱਤਾਂ ਦੀ ਲੋੜ ਪੈਂਦੀ ਹੈ। ਆਮ ਤੌਰ 'ਤੇ ਕਿਸਾਨ ਮੁੱਢਲੇ ਤੱਤ ਜਿਵੇਂ ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ ਆਦਿ ਤਾਂ ਫ਼ਸਲ ਨੂੰ ਪਾ ਦਿੰਦੇ ਹਨ, ਪਰ ਲਘੂ ਤੇ ਸੈਕੰਡਰੀ ਤੱਤਾਂ ਦੀ ਘਾਟ ਫ਼ਸਲ ਨੂੰ ਆਉਂਦੀ ਹੈ। ਮੈਗਨੀਜ਼ ਤੇ ਗੰਧਕ ਦੀ ਘਾਟ ਫ਼ਸਲ ਵਿੱਚ ਅਕਸਰ



ਆ ਜਾਂਦੀ ਹੈ। ਇਨ੍ਹਾਂ ਖ਼ੁਰਾਕੀ ਤੱਤਾਂ ਦੀ ਲੋੜ ਅਨੁਸਾਰ ਵਰਤੋਂ ਕਰ ਲੈਣੀ ਚਾਹੀਦੀ ਹੈ। ਝੋਨੇ ਦੀ ਫ਼ਸਲ ਵਾਲੀਆਂ ਜ਼ਮੀਨਾਂ ਵਿੱਚ ਤਾਂ ਆਮ ਤੌਰ 'ਤੇ ਮੈਗਨੀਜ਼ ਦੀ ਘਾਟ ਆ ਹੀ ਜਾਂਦੀ ਹੈ, ਜਿਸ ਕਾਰਨ ਬੂਟੇ ਸੁੱਕ ਜਾਂਦੇ ਹਨ। ਅਜਿਹੀਆਂ ਜ਼ਮੀਨਾਂ ਵਿੱਚ 0.5% ਮੈਗਨੀਜ਼ ਸਲਫੇਟ ਦਾ ਇੱਕ ਛਿੜਕਾਅ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਅਤੇ ਤਿੰਨ ਛਿੜਕਾਅ ਫੇਰ ਹਫ਼ਤੇ-ਹਫ਼ਤੇ ਦੇ ਵਕਫ਼ੇ ਨਾਲ ਧੁੱਪ ਵਾਲੇ ਦਿਨ ਕਰਨੇ ਚਾਹੀਦੇ ਹਨ। ਮਾਹਿਰਾਂ ਅਨੁਸਾਰ ਮੈਗਨੀਜ਼ ਸਲਫੇਟ ਦੇ ਛਿੜਕਾਅ ਨਾਲ ਹੀ ਇਸ ਦੀ ਘਾਟ ਦੂਰ ਕਰਨੀ ਚਾਹੀਦੀ ਹੈ, ਜ਼ਮੀਨ ਵਿੱਚ ਪਾ ਕੇ ਨਹੀਂ।

ਪੰਜਾਬ ਵਿੱਚ ਕਣਕ ਦੀ ਕਾਸ਼ਤ ਹੇਠ ਰਕਬੇ ਵਿੱਚ ਕੋਈ ਖ਼ਾਸ ਵਾਧਾ ਨਹੀਂ ਹੋਇਆ। ਡਾਇਰੈਕਟਰ ਖੇਤੀਬਾੜੀ ਅਨੁਸਾਰ ਪਿਛਲੇ ਸਾਲ ਵੀ ਇੰਨੇ ਹੀ ਰਕਬੇ 'ਤੇ ਕਣਕ ਦੀ ਕਾਸ਼ਤ ਹੋਈ ਸੀ। ਭਾਵੇਂ ਸਾਲ 2023-24 ਦੌਰਾਨ ਕਣਕ ਦੀ ਕਾਸ਼ਤ ਹੇਠ 35.16 ਲੱਖ ਹੈਕਟੇਅਰ ਰਕਬਾ ਸੀ, ਜਦਕਿ ਔਸਤ ਝਾੜ 20.92 ਕੁਇੰਟਲ ਪ੍ਰਤੀ ਏਕੜ ਤੱਕ ਰਿਹਾ ਸੀ। ਉਂਝ ਕਣਕ ਦੀ ਕਾਸ਼ਤ ਹੇਠ ਭਾਰਤ ਵਿੱਚ ਡਾ. ਰਾਜਵੀਰ ਯਾਦਵ ਅਨੁਸਾਰ ਰਕਬਾ ਵਧਿਆ ਹੈ। ਮਾਹਿਰਾਂ ਅਨੁਸਾਰ ਭਾਰਤ ਵਿੱਚ ਕਣਕ ਦੀ ਕਾਸ਼ਤ ਹੇਠ ਇਸ ਸਾਲ 33-34 ਮਿਲੀਅਨ ਹੈਕਟੇਅਰ ਰਕਬਾ ਆਉਣ ਦੀ ਸੰਭਾਵਨਾ ਹੈ। ਕਿਸਾਨ ਨਿਰਾਸ਼ ਹਨ ਕਿ ਖੁੱਲ੍ਹੀ ਮੰਡੀ ਵਿੱਚ ਕਣਕ 2600 ਰੁਪਏ ਪ੍ਰਤੀ ਕੁਇੰਟਲ ਵਿਕ ਰਹੀ ਹੈ, ਜੋ ਸਮਰੱਥਨ ਮੁੱਲ ਨਾਲੋਂ ਵੀ ਘੱਟ ਹੈ। ਕਣਕ ਦਾ ਬੀਜ ਇਸ ਸਾਲ ਬਹੁਤ ਘੱਟ ਮਾਤਰਾ ਵਿੱਚ ਵਿਕਣ ਕਾਰਨ ਕਿਸਾਨ, ਉਤਪਾਦਕ ਤੇ ਵਿਕਰੇਤਾ ਸਾਫ਼-ਸੁਥਰੀ ਤੇ ਗ੍ਰੇਡਿਡ ਕਣਕ ਘਾਟਾ ਖਾ ਕੇ ਖੁੱਲ੍ਹੀ ਮੰਡੀ ਵਿੱਚ ਵੇਚ ਰਹੇ ਹਨ। ਭਾਵੇਂ ਖਪਤਕਾਰਾਂ ਨੂੰ ਆਟੇ ਦਾ ਵੱਧ ਭਾਅ ਦੇਣਾ ਪੈਂਦਾ ਹੈ।



# ਫ਼ਸਲੀ ਚੱਕਰ ਵਿੱਚੋਂ ਨਿਕਲ ਕੇ ਸਫ਼ਲ ਅਨਾਰ ਉਤਪਾਦਕ ਬਣਿਆ ਕਰਮਜੀਤ ਸਿੰਘ

ਪੰਜਾਬ ਦੇ ਜ਼ਿਆਦਾਤਰ ਕਿਸਾਨ ਚੰਗੀ ਤਰ੍ਹਾਂ ਸਮਝੀਆਂ ਗਈਆਂ ਫ਼ਸਲਾਂ ਨਾਲ ਜੁੜੇ ਰਹਿੰਦੇ ਹਨ, ਜੋ ਨਿਵੇਸ਼ 'ਤੇ ਯਕੀਨੀ ਵਾਪਸੀ ਦੀ ਕੁੱਝ ਝਲਕ ਦਿੰਦੇ ਹਨ ਪਰ ਜੇਕਰ ਅਸੀਂ ਫ਼ਸਲੀ ਵਿਭਿੰਨਤਾ ਦੀ ਗੱਲ ਕਰੀਏ ਤਾਂ ਪੰਜਾਬ ਦੇ ਕਿਸਾਨਾਂ ਦਾ ਬਾਗਬਾਨੀ ਵੱਲ ਰੁੱਖ ਕਰਨਾ ਪੰਜਾਬ ਦੀ ਕਿਸਾਨੀ ਨੂੰ ਨਵੀਂ ਸੇਧ ਦੇਣ ਵਿੱਚ ਬਹੁਤ ਹੀ ਅਹਿਮ ਭੂਮਿਕਾ ਨਿਭਾਅ ਸਕਦਾ ਹੈ। ਹਾਲਾਂਕਿ ਲੀਕ ਤੋਂ ਹਟ ਕੇ ਕਿਸੇ ਵਿਲੱਖਣ ਖੇਤੀ ਵਿੱਚ ਪਹਿਲਕਦਮੀ ਔਖੀ ਜ਼ਰੂਰ ਹੈ ਪਰ 'ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ' ਕਹਾਵਤ ਨੂੰ ਸਿੱਧ ਕਰਨ ਵਾਲੇ ਬਣੋਂ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਕਿਸਾਨ ਕਰਮਜੀਤ ਸਿੰਘ ਅਨਾਰ ਦੀ ਸਫ਼ਲ ਖੇਤੀ ਦੇ ਨਾਲ ਮੁਨਾਫ਼ੇ ਦੀ ਇੱਕ ਚਮਕਦਾਰ ਉਦਾਹਰਨ ਹਨ। ਕਰਮਜੀਤ ਸਿੰਘ ਨੇ ਆਪਣੀ ਪ੍ਰੇਰਨਾਦਾਇਕ ਯਾਤਰਾ 2 ਏਕੜ ਦੇ ਰਕਬੇ ਤੋਂ ਸਾਲ 2020 ਵਿੱਚ ਸ਼ੁਰੂ ਕੀਤੀ। ਉਨ੍ਹਾਂ ਨੇ ਇੱਕ ਵੱਡਾ ਜੋਖ਼ਮ ਉਠਾਉਣ ਦੀ ਹਿੰਮਤ ਕੀਤੀ ਅਤੇ 2 ਏਕੜ ਦੇ ਰਕਬੇ 'ਤੇ ਵਿਲੱਖਣ ਖੇਤੀ ਉੱਦਮਾਂ ਦੀ ਸੰਭਾਵਨਾ ਨੂੰ ਯਕੀਨੀ ਬਣਾਉਣ ਲਈ 1000 ਭਗਵਾ ਕਿਸਮ ਦੇ ਅਨਾਰ ਦੇ ਬੂਟੇ ਸਫ਼ਲਤਾਪੂਰਵਕ ਉਗਾਏ, ਜਿਸ ਤੋਂ ਕਈ ਲੱਖਾਂ ਦੀ ਆਮਦਨੀ ਹੋਈ ਹੈ।

54 ਸਾਲਾ ਕਰਮਜੀਤ ਸਿੰਘ ਦਾ ਕਹਿਣਾ ਹੈ ਕਿ ਇਹ ਵਿਚਾਰ ਉਨ੍ਹਾਂ ਨੂੰ 2018 ਦੇ ਸ਼ੁਰੂ ਵਿੱਚ ਆਇਆ ਸੀ, ਜਦੋਂ ਉਹ ਕੰਮ ਦੇ ਸਿਲਸਿਲੇ ਵਿੱਚ ਮਹਾਰਾਸ਼ਟਰ ਗਏ ਸਨ, ਜਿੱਥੇ ਉਨ੍ਹਾਂ ਨੇ ਅਨਾਰ ਦੇ ਬਾਗਾਂ ਨੂੰ ਦੇਖਿਆ ਅਤੇ ਫ਼ਸਲ ਨੂੰ ਦੇਖ ਕੇ ਉਹ ਬਹੁਤ ਉਤਸ਼ਾਹਿਤ ਸੀ ਅਤੇ ਆਪਣੇ ਖੇਤ ਵਿੱਚ ਅਨਾਰ ਦਾ ਬਾਗ ਲਗਾਉਣ ਦਾ ਫ਼ੈਸਲਾ ਲਿਆ। ਹਾਲਾਂਕਿ ਚੁਣੌਤੀ ਇਹ ਸੀ ਕਿ ਕਿਸੇ ਨੇ ਵੀ ਫ਼ਤਹਿਗੜ੍ਹ ਸਾਹਿਬ ਜਾਂ ਨਾਲ ਲੱਗਦੇ ਇਲਾਕਿਆਂ ਵਿੱਚ ਅਨਾਰ ਦਾ ਬਾਗ ਨਹੀਂ ਲਗਾਇਆ ਸੀ। ਪਰ ਉਨ੍ਹਾਂ ਦਾ ਮੰਨਣਾ ਸੀ ਕਿ ਜ਼ਿਲ੍ਹੇ ਵਿੱਚ ਜ਼ਿਆਦਾਤਰ ਅਮਰੂਦ ਦੇ ਬਾਗ ਹਨ ਅਤੇ ਸਮੇਂ ਦੀ ਲੋੜ ਅਨੁਸਾਰ ਬਾਗਾਂ ਵਿੱਚ ਵੀ ਬਦਲਾਅ ਜ਼ਰੂਰੀ ਹੈ। ਕਰਮਜੀਤ ਅਨੁਸਾਰ ਅਨਾਰ ਦੇ ਬੂਟਿਆਂ ਨੂੰ ਸਮੇਂ ਸਿਰ ਪਾਣੀ ਦੇਣਾ ਅਤੇ ਦੇਖਭਾਲ ਦੇ ਸਖ਼ਤ ਅਨੁਸ਼ਾਸਨ ਦੀ ਪਾਲਣਾ ਕਰਨ ਕਰਕੇ ਹੋਰ ਯਤਨਾਂ ਦੀ ਲੋੜ ਹੈ। ਕਿਸੇ ਨੂੰ ਪੂਰੀ ਤਰ੍ਹਾਂ ਬਾਹਰੀ ਕਿਰਤ 'ਤੇ ਨਿਰਭਰ ਨਹੀਂ ਹੋਣਾ ਚਾਹੀਦਾ ਅਤੇ ਨਿੱਜੀ ਦਖ਼ਲ ਦੀ ਲੋੜ ਹੈ। ਪਰ ਸਮਰਪਿਤ ਕੋਸ਼ਿਸ਼ਾਂ ਨਾਲ, ਕਠੋਰ ਮੌਸਮ ਵਿੱਚ ਗੈਰ-ਰਵਾਇਤੀ ਫ਼ਸਲਾਂ ਉਗਾਈਆਂ ਜਾ ਸਕਦੀਆਂ ਹਨ। ਕਰਮਜੀਤ ਦਾ ਕਹਿਣਾ ਹੈ ਕਿ ਇਸ ਖੇਤਰ ਵਿੱਚ ਕਿਸਾਨਾਂ ਨੂੰ ਰਵਾਇਤੀ ਖੇਤੀ ਤੋਂ ਪਰੇ ਜਾਣ ਦੀ ਫੌਰੀ ਲੋੜ ਹੈ।

ਅਨਾਰ ਦੀ ਫ਼ਸਲ ਦੀ ਕਲਪਨਾ ਕੀਤੀ ਉਪਜ ਨੂੰ ਕੋਵਿਡ-19 ਲਾਕਡਾਊਨ ਕਾਰਨ ਝਟਕਿਆਂ ਦਾ ਸਾਹਮਣਾ ਕਰਨਾ ਪਿਆ। ਤਾਲਾਬੰਦੀ ਤੋਂ ਬਾਅਦ 2022 ਵਿੱਚ ਕਰਮਵੀਰ ਨੇ ਅਗਸਤ ਵਿੱਚ ਆਪਣੀ ਪਹਿਲੀ ਵਪਾਰਕ ਫ਼ਸਲ ਦੀ ਤੁੜਾਈ ਕੀਤੀ। ਸਾਲ 2022 ਵਿੱਚ, ਬਾਗ ਵਿੱਚ ਅਨਾਰ ਦੀ ਕਾਫ਼ੀ ਉਪਜ ਹੋਈ। ਕਰਮਜੀਤ ਸਿੰਘ ਦਾ ਕਹਿਣਾ ਹੈ ਕਿ ਇੱਥੇ 1,000 ਅਨਾਰ ਦੇ ਬੂਟੇ ਹਨ, ਜਿਨ੍ਹਾਂ ਨੇ 5 ਲੱਖ ਰੁਪਏ ਦਾ ਕਾਰੋਬਾਰ ਕੀਤਾ, ਜਿਸ ਵਿੱਚ ਤਕਰੀਬਨ 3.5 ਲੱਖ ਰੁਪਏ ਦਾ ਮੁਨਾਫਾ ਹੋਇਆ। ਇਸ ਕਮਾਲ ਦੀ ਉਪਜ ਨੇ ਬਾਗ ਦੇ ਵਾਧੇ ਦੇ ਅਗਲੇ ਸਾਲ ਦੀ ਨਿਸ਼ਾਨਦੇਹੀ ਕੀਤੀ ਅਤੇ ਅੱਗੇ ਹੋਰ ਵੀ ਵਧੇਰੇ ਫਲਦਾਇਕ ਭਵਿੱਖ ਦਾ ਦਾਅਵਾ ਕੀਤਾ। ਉਨ੍ਹਾਂ ਦੀ ਸਫ਼ਲਤਾ ਦੇ ਕਾਰਕ ਸਹੀ ਤਕਨੀਕਾਂ ਨੂੰ ਅਪਨਾਉਣਾ, ਹਰੇਕ ਬੂਟੇ ਨੂੰ ਸਾਵਧਾਨੀ ਨਾਲ ਤਿਆਰ ਕੀਤੇ 4×3 ਫੁੱਟ ਡੂੰਘੇ ਟੋਏ ਵਿੱਚ ਲਗਾਉਣਾ, ਕਾਂਟ-ਛਾਂਟ ਵੱਲ ਖ਼ਾਸ ਧਿਆਨ ਦੇਣਾ, ਮਾਹਿਰਾਂ ਦੀ ਸਲਾਹ, ਨਵੀਨਤਾਕਾਰੀ ਹੱਲ ਅਤੇ ਅਟੁੱਟ ਦ੍ਰਿੜ੍ਹਤਾ ਦੇ ਸੁਮੇਲ ਨੇ ਬਾਗ ਨੂੰ ਮਜ਼ਬੂਤ ਕੀਤਾ ਹੈ, ਭਵਿੱਖ ਦੀ ਸਫ਼ਲਤਾ ਲਈ ਪੜਾਅ ਤੈਅ ਕੀਤਾ ਹੈ। ਕਰਮਜੀਤ ਸਿੰਘ ਟਰਾਂਸਪੋਰਟ ਦੇ ਧੰਦੇ ਨਾਲ ਜੁੜੇ ਹੋਣ ਕਾਰਨ ਉਨ੍ਹਾਂ ਦੀ ਕਿਰਿਆਸ਼ੀਲ ਪਹੁੰਚ ਜ਼ਿਲ੍ਹੇ ਤੋਂ ਬਾਹਰ ਸੀ ਅਤੇ ਉਨ੍ਹਾਂ ਨੇ ਰਣਨੀਤਕ ਤੌਰ 'ਤੇ ਬਾਜ਼ਾਰਾਂ ਦੀ ਪਛਾਣ ਕੀਤੀ। ਫ਼ਤਹਿਗੜ੍ਹ ਸਾਹਿਬ ਵਿੱਚ ਰਹਿੰਦਿਆਂ, ਉਨ੍ਹਾਂ ਨੇ 250 ਗ੍ਰਾਮ ਤੋਂ ਵੱਧ ਵਜ਼ਨ ਵਾਲੇ ਵੱਡੇ ਫਲਾਂ ਦੀ ਮਜ਼ਬੂਤ ਮੰਗ ਨੂੰ ਪੂਰਾ ਕਰਦੇ ਹੋਏ ਵੱਡੀਆਂ ਮੰਡੀਆਂ ਵਾਲੇ ਸੌਦਿਆਂ ਨੂੰ ਸੁਰੱਖਿਅਤ ਕਰਦੇ ਹੋਏ, ਹੁਸ਼ਿਆਰੀ ਨਾਲ ਛੋਟੇ ਆਕਾਰ ਦੇ ਫਲਾਂ ਲਈ ਸਥਾਨਕ ਵਿਕਰੇਤਾਵਾਂ ਨੂੰ ਸ਼ਾਮਿਲ ਕੀਤਾ।

ਮੌਜੂਦਾ ਜੀਵਨ ਵਿੱਚ 2 ਏਕੜ ਦੇ ਬਾਗ ਦੀ ਕਾਸ਼ਤ ਦੀ ਲਾਗਤ 1,57,000 ਰੁਪਏ ਹੈ। ਕਰਮਵੀਰ ਸਿੰਘ ਦੇ ਮਿਹਨਤੀ ਯਤਨਾਂ ਨੇ ਕਾਫ਼ੀ ਲਾਭ ਪ੍ਰਾਪਤ ਕੀਤਾ, ਜਿਸ ਨਾਲ ਕੁੱਲ ਆਮਦਨ 6,37,500 ਰੁਪਏ ਹੋਈ। ਇਸ ਨਾਲ 5,20,333 ਰੁਪਏ ਪ੍ਰਤੀ ਏਕੜ ਦਾ ਕਮਾਲ ਦਾ ਸ਼ੁੱਧ ਲਾਭ ਹੋਇਆ। ਕਰਮਜੀਤ ਸਿੰਘ ਅਨਾਰ ਦੀ ਫ਼ਸਲ ਦੇ ਭਰਪੂਰ ਮੁਨਾਫ਼ੇ ਨਾਲ ਬਹੁਤ ਸੰਤੁਸ਼ਟ ਹਨ ਅਤੇ ਉਨ੍ਹਾਂ ਦੇ ਉਤਸ਼ਾਹ ਦੀ ਕੋਈ ਹੱਦ ਨਹੀਂ ਹੈ, ਕਿਉਂਕਿ ਉਹ ਇੱਸ ਦਸੰਬਰ ਵਿੱਚ ਇੱਕ ਵਾਧੂ 1000 ਬੂਟੇ ਬੁੱਕ ਕਰਕੇ ਆਪਣੇ ਖੇਤੀ ਉੱਦਮ ਨੂੰ ਵਧਾਉਣ ਦਾ ਇਰਾਦਾ ਰੱਖਦੇ ਹੈ। ਅਜਿਹੀ ਦੁਨੀਆ ਵਿੱਚ ਜਿੱਥੇ ਖੇਤੀਬਾੜੀ ਪਰੰਪਰਾ ਅਤੇ ਆਧੁਨਿਕਤਾ ਦਾ ਸੁਮੇਲ ਹੈ, ਕਰਮਜੀਤ ਸਿੰਘ ਦੀ ਕਹਾਣੀ ਪੰਜਾਬ ਦੀ ਖੇਤੀ ਦੀ ਵਿਭਿੰਨਤਾ ਨੂੰ ਦਰਸਾਉਂਦੀ ਹੈ। ਉਹ ਕਿਸਾਨ ਭਾਈਚਾਰੇ ਨੂੰ ਇਹ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਨਵੇਂ ਪ੍ਰਯੋਗਾਂ ਅਤੇ ਤਕਨੀਕਾਂ ਨੂੰ ਅਪਣਾਉਣ ਦੀ ਲੋੜ ਹੈ। ਉਨ੍ਹਾਂ ਦਾ ਕਹਿਣਾ ਹੈ ਪਾਣੀ ਦੀ ਇੱਕ ਬੂੰਦ ਦੀ ਗਿਣਤੀ ਹੁੰਦੀ ਹੈ ਤੇ ਜੇਕਰ ਸਮਝਦਾਰੀ ਨਾਲ ਵਰਤਿਆ ਜਾਵੇ ਤਾਂ ਭਰਪੂਰ ਫ਼ਸਲ ਪੈਦਾ ਹੋ ਸਕਦੀ ਹੈ।

**ਅਰਵਿੰਦ ਪ੍ਰੀਤ ਕੌਰ, ਹਰਦੀਪ ਸਿੰਘ ਸਭਿਖੀ**
**ਕ੍ਰਿਸ਼ੀ ਵਿਗਿਆਨ ਕੇਂਦਰ, ਫ਼ਤਹਿਗੜ੍ਹ ਸਾਹਿਬ**

 RNI/PUNPUN00806 (42269/83) Postage Registered No. PB/PTA/0338/2025-2027

# ਝੋਨਾ ਛੱਡ ਕੇ ਸਾਉਣੀ ਦੀ ਮੱਕੀ ਬੀਜਣ ਵਾਲੇ ਅਗਾਂਹਵਧੂ ਕਿਸਾਨਾਂ ਦਾ ਸਨਮਾਨ

## ਖੇਤੀਬਾੜੀ ਮੰਤਰੀ ਵੱਲੋਂ ਕੀਮਤੀ ਜਲ ਸਰੋਤਾਂ ਨੂੰ ਬਚਾਉਣ ਲਈ ਸਾਉਣੀ ਦੀ ਮੱਕੀ ਹੇਠ ਰਕਬਾ ਵਧਾਉਣ ਦਾ ਐਲਾਨ

ਸੂਬੇ ਵਿੱਚ ਸਾਉਣੀ ਦੀ ਮੱਕੀ ਦੇ ਪਾਇਲਟ ਪ੍ਰੋਜੈਕਟ ਦੀ ਸਫਲਤਾ ਦੇ ਮੱਦੇਨਜ਼ਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅੱਜ ਉਨ੍ਹਾਂ ਅਗਾਂਹਵਧੂ ਮੱਕੀ ਕਾਸ਼ਤਕਾਰਾਂ ਦਾ ਸਨਮਾਨ ਕੀਤਾ, ਜਿਨ੍ਹਾਂ ਨੇ ਪਾਣੀ ਦੀ ਜ਼ਿਆਦਾ ਖਪਤ ਵਾਲੇ ਝੋਨੇ ਦੀ ਫਸਲ ਦੀ ਥਾਂ ਸਾਉਣੀ ਦੀ ਮੱਕੀ ਦੀ ਖੇਤੀ ਵੱਲ ਰੁਖ਼ ਕੀਤਾ।

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅਗਾਂਹਵਧੂ ਮੱਕੀ ਕਾਸ਼ਤਕਾਰਾਂ ਨੂੰ ਪ੍ਰਸੰਸਾ ਸਰਟੀਫਿਕੇਟ ਦਿੱਤੇ ਅਤੇ ਉਨ੍ਹਾਂ ਨੂੰ ਪ੍ਰੇਰਿਆ ਕਿ ਉਹ ਹੋਰ ਕਿਸਾਨਾਂ ਨੂੰ ਵੀ ਸਾਉਣੀ ਦੀ ਮੱਕੀ ਦੀ ਕਾਸ਼ਤ ਲਈ ਜਾਗਰੂਕ ਕਰਨ।

ਉਨ੍ਹਾਂ ਕਿਹਾ ਕਿ ਸਾਉਣੀ ਦੀ ਮੱਕੀ ਪਾਇਲਟ ਪ੍ਰੋਜੈਕਟ, ਜਿਸਦਾ ਉਦੇਸ਼ ਫਸਲੀ ਵਿਭਿੰਨਤਾ, ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣਾ, ਮਿੱਟੀ ਦੀ ਸਿਹਤ ਵਿੱਚ ਸੁਧਾਰ ਕਰਨਾ ਅਤੇ ਕਿਸਾਨਾਂ ਦੀ ਆਮਦਨ ਵਧਾਉਣਾ ਹੈ, ਦੇ ਸਕਾਰਾਤਮਕ ਨਤੀਜੇ ਸਾਹਮਣੇ ਆਏ ਹਨ। ਸਰਕਾਰ ਅਗਲੇ ਸੀਜ਼ਨ ਲਈ ਇਸ ਪ੍ਰੋਗਰਾਮ ਦੇ ਵਿਸਥਾਰ 'ਤੇ ਵਿਚਾਰ ਕਰ ਰਹੀ ਹੈ ਤਾਂ ਜੋ ਹੋਰ ਕਿਸਾਨਾਂ ਨੂੰ ਪਾਣੀ ਦੀ ਜ਼ਿਆਦਾ ਵਰਤੋਂ ਵਾਲੇ ਝੋਨੇ ਦੀ ਫਸਲ ਤੋਂ ਮੋੜ ਕੇ ਮੱਕੀ ਦੀ ਖੇਤੀ ਵੱਲ ਰੁਖ਼ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ।

ਮੱਕੀ ਦੀ ਖੇਤੀ ਨੂੰ ਇੱਕ ਟਿਕਾਊ ਵਿਕਲਪ ਅਤੇ ਝੋਨੇ ਨਾਲੋਂ ਬਹੁਤ ਘੱਟ ਪਾਣੀ ਦੀ ਲੋੜ ਵਾਲੀ ਫ਼ਸਲ ਵਜੋਂ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਉਦਯੋਗ ਜਗਤ ਦੇ ਭਾਈਵਾਲਾਂ ਨਾਲ ਸਲਾਹ-ਮਸ਼ਵਰਾ ਕਰਕੇ ਰਣਨੀਤਕ ਨੀਤੀ ਤਿਆਰ ਕੀਤੀ ਜਾ ਰਹੀ ਹੈ, ਜਿਸਦਾ ਉਦੇਸ਼ ਪੰਜਾਬ ਨੂੰ ਮੱਕੀ ਦੇ ਉਤਪਾਦਨ ਵਿੱਚ ਮੋਹਰੀ ਸੂਬੇ ਵਜੋਂ ਸਥਾਪਤ ਕਰਨਾ ਹੈ।



ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਇਸ ਪਾਇਲਟ ਪ੍ਰੋਜੈਕਟ ਤਹਿਤ ਇਸ ਸਾਲ ਬਠਿੰਡਾ, ਸੰਗਰੂਰ, ਗੁਰਦਾਸਪੁਰ, ਜਲੰਧਰ, ਕਪੂਰਥਲਾ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਮੱਕੀ ਨੂੰ ਝੋਨੇ ਦੇ ਲਾਭਦਾਇਕ ਅਤੇ ਟਿਕਾਊ ਵਿਕਲਪ ਵਜੋਂ ਪੇਸ਼ ਕੀਤਾ ਗਿਆ। 3,708 ਤੋਂ ਵੱਧ ਅਗਾਂਹਵਧੂ ਕਿਸਾਨਾਂ ਨੇ ਇਸ ਪਾਇਲਟ ਪ੍ਰੋਜੈਕਟ ਤਹਿਤ 11,326 ਏਕੜ ਰਕਬੇ ਨੂੰ ਝੋਨੇ ਹੇਠੋਂ ਕੱਢ ਕੇ ਮੱਕੀ ਦੀ ਕਾਸ਼ਤ ਹੇਠ ਸਫਲਤਾਪੂਰਵਕ ਲਿਆਂਦਾ।

ਇਹ ਪਹਿਲਕਦਮੀ ਦਹਾਕਿਆਂ ਤੋਂ ਚੱਲੇ ਆ ਰਹੇ ਰੁਝਾਨ ਨੂੰ ਖਤਮ ਕਰਨ ਲਈ ਇੱਕ ਰਣਨੀਤਕ ਕਦਮ ਦੀ ਨਿਸ਼ਾਨਦੇਹੀ ਕਰਦੀ ਹੈ। ਉਨ੍ਹਾਂ ਕਿਹਾ ਕਿ 1970 ਦੇ ਦਹਾਕੇ ਵਿੱਚ ਪੰਜਾਬ ਵਿੱਚ 5.5 ਲੱਖ ਹੈਕਟੇਅਰ ਤੋਂ ਵੱਧ ਰਕਬੇ ਵਿੱਚ ਮੱਕੀ ਦੀ ਕਾਸ਼ਤ ਕੀਤੀ ਜਾਂਦੀ ਸੀ , ਪਰ ਮੌਜੂਦਾ ਸਮੇਂ ਦੌਰਾਨ ਪੰਜਾਬ ਵਿੱਚ ਪਾਣੀ ਦੀ ਵੱਧ ਖਪਤ ਵਾਲੇ ਝੋਨੇ ਦਾ ਰੁਝਾਨ ਹੈ , ਜਿਸ ਕਾਰਨ ਮੱਕੀ ਹੇਠ ਰਕਬਾ ਮਹਿਜ਼ ਇੱਕ ਲੱਖ ਹੈਕਟੇਅਰ ਹੀ ਰਹਿ ਗਿਆ।

ਸਾਉਣੀ ਦੀ ਮੱਕੀ ਦੀ ਕਾਸ਼ਤ ਕਰਨ ਵਾਲੇ ਅਗਾਂਹਵਧੂ ਕਿਸਾਨਾਂ ਦੀ ਬਦਲਾਅ ਦੇ ਝੰਡਾਬਰਦਾਰ ਵਜੋਂ ਸ਼ਲਾਘਾ ਕਰਦਿਆਂ ਸ. ਖੁੱਡੀਆਂ ਨੇ ਕਿਹਾ , "ਅੱਜ, ਅਸੀਂ ਸਿਰਫ਼ ਇੱਕ ਸਫਲ ਫ਼ਸਲ ਦਾ ਜਸ਼ਨ ਨਹੀਂ ਮਨਾ ਰਹੇ ਹਾਂ। ਅਸੀਂ ਪੰਜਾਬ ਵਿੱਚ ਬੀਜੇ ਜਾ ਰਹੇ ਨਵੇਂ ਤੇ ਟਿਕਾਊ ਖੇਤੀ ਅਭਿਆਸਾਂ ਦਾ ਜਸ਼ਨ ਮਨਾ ਰਹੇ ਹਾਂ। ਸਾਡੇ ਕਿਸਾਨਾਂ ਨੇ ਸਾਬਤ ਕਰ ਦਿੱਤਾ ਹੈ ਕਿ ਸਹੀ ਸਹਾਇਤਾ ਨਾਲ, ਅਸੀਂ ਆਪਣੇ ਕੀਮਤੀ ਪਾਣੀ, ਮਿੱਟੀ ਅਤੇ ਆਰਥਿਕ ਖੁਸ਼ਹਾਲੀ ਨੂੰ ਸੁਰੱਖਿਅਤ ਕਰ ਸਕਦੇ ਹਾਂ। ਉਨ੍ਹਾਂ ਦੀ ਹਿੰਮਤ ਉਹ ਨੀਂਹ ਹੈ, ਜਿਸ 'ਤੇ ਅਸੀਂ ਇੱਕ ਵਿਭਿੰਨਤਾ ਵਾਲੀ ਖੇਤੀਬਾੜੀ ਅਰਥਵਿਵਸਥਾ ਨੂੰ ਦੁਬਾਰਾ ਬਣਾਵਾਂਗੇ।"

ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸਾਉਣੀ ਦੀ ਮੱਕੀ ਪਾਇਲਟ ਪ੍ਰੋਜੈਕਟ ਇੱਕ ਮਜ਼ਬੂਤ ਪੰਜ-ਥੰਮੀ ਪ੍ਰਣਾਲੀ ਦੁਆਰਾ ਸਫਲ ਕੀਤਾ ਗਿਆ। ਇਸ ਵਿੱਚ 200 ਸਿਖਲਾਈ ਪ੍ਰਾਪਤ "ਕਿਸਾਨ ਮਿੱਤਰਾਂ" ਦੁਆਰਾ ਜ਼ਮੀਨੀ ਪੱਧਰ ਉੱਤੇ ਕਿਸਾਨਾਂ ਦੀ ਤਕਨੀਕੀ ਸਹਾਇਤਾ ਸ਼ਾਮਲ ਹੈ, ਫਸਲ ਦੇ ਬਦਲ ਦੀਆਂ ਲਾਗਤਾਂ ਨੂੰ ਪੂਰਾ ਕਰਨ ਲਈ ਪ੍ਰਤੀ ਹੈਕਟੇਅਰ 17,500 ਰੁਪਏ ਦੇ ਸਿੱਧੇ ਵਿੱਤੀ ਪ੍ਰੋਤਸਾਹਨ ਤੋਂ ਇਲਾਵਾ ਨਿਊਮੈਟਿਕ ਪਲਾਂਟਰਾਂ ਵਰਗੀਆਂ ਉੱਨਤ ਮਸ਼ੀਨਰੀ 'ਤੇ 50 ਫੀਸਦੀ ਤੱਕ ਸਬਸਿਡੀ ਵੀ ਦਿੱਤੀ ਗਈ। ਇਸ ਤੋਂ ਇਲਾਵਾ, ਪੀਏਯੂ ਦੇ ਮਾਹਰਾਂ ਨੇ ਅਤਿ-ਆਧੁਨਿਕ ਤਕਨੀਕੀ ਮਾਰਗਦਰਸ਼ਨ ਦੇ ਨਾਲ ਵਿਗਿਆਨਕ ਸਹਾਇਤਾ ਵੀ ਦਿੱਤੀ, ਜਦੋਂਕਿ ਮਾਰਕਫੈੱਡ ਦੁਆਰਾ ਕਿਸਾਨਾਂ ਲਈ ਮੱਕੀ ਦੀਆਂ ਲਾਹੇਵੰਦ ਕੀਮਤਾਂ ਯਕੀਨੀ ਬਣਾਉਣ ਲਈ ਮੰਡੀਕਰਨ ਦਾ ਭਰੋਸਾ ਵੀ ਦਿੱਤਾ ਗਿਆ।

ਖੇਤੀਬਾੜੀ ਮੰਤਰੀ ਨੇ ਮੱਕੀ ਕਾਸ਼ਤਕਾਰਾਂ ਨਾਲ ਉਨ੍ਹਾਂ ਦੇ ਤਜਰਬੇ ਅਤੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਜਾਨਣ ਲਈ ਗੱਲਬਾਤ ਵੀ ਕੀਤੀ। ਪਠਾਨਕੋਟ ਜ਼ਿਲ੍ਹੇ ਦੇ ਮੱਕੀ ਕਾਸ਼ਤਕਾਰਾਂ ਸੰਸਾਰ ਸਿੰਘ ਅਤੇ ਗੁਰਪਾਲ ਸਿੰਘ ਨੇ ਆਪਣੀ ਸਫਲਤਾ ਦੀ ਕਹਾਣੀ ਸਾਂਝੀ ਕੀਤੀ। ਉਨ੍ਹਾਂ ਨੇ ਪ੍ਰਤੀ ਏਕੜ 25-26 ਕੁਇੰਟਲ ਦੀ ਰਿਕਾਰਡ ਪੈਦਾਵਾਰ ਕੀਤੀ ਅਤੇ ਆਪਣੀ ਫਸਲ 2,700 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਵੇਚੀ, ਜੋ ਕਿ ਐਮਐਸਪੀ 2,400 ਰੁਪਏ ਪ੍ਰਤੀ ਕੁਇੰਟਲ ਤੋਂ ਵੱਧ ਹੈ।

## ਸਾਊਦੀ ਅਰਬ ਦੇ ਰੇਗਿਸਤਾਨ ਵਿੱਚ 30 ਸਾਲ ਬਾਅਦ ਪਈ ਬਰਫ

ਸਾਊਦੀ ਅਰਬ ਦੇ ਰੇਗਿਸਤਾਨ ਵਿੱਚ ਇੱਕ ਦੁਰਲੱਭ ਅਤੇ ਹੈਰਾਨੀਜਨਕ ਨਜ਼ਾਰਾ ਦੇਖਣ ਨੂੰ ਮਿਲਿਆ ਹੈ, ਜਿੱਥੇ ਆਮ ਤੌਰ 'ਤੇ ਅਤਿ ਦੀ ਗਰਮੀ ਹੁੰਦੀ ਸੀ, ਉੱਥੇ ਹੁਣ ਚਾਰੇ ਪਾਸੇ ਬਰਫ ਦੀ ਚਿੱਟੀ ਚਾਦਰ ਵਿਛ ਗਈ ਹੈ । ਸਾਊਦੀ-



ਯੂ. ਏ. ਈ. ਸਰਹੱਦ ਦੇ ਨਾਲ ਲੱਗਦੇ ਵਿਸ਼ਾਲ ਖੇਤਰਾਂ ਵਿੱਚ ਹੋਈ ਇਸ ਬਰਫਬਾਰੀ ਦੀਆਂ ਵੀਡੀਉਜ਼ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ, ਜਿਸ ਵਿੱਚ ਇੱਕ ਕਾਰ ਨੂੰ ਬਰਫ ਨਾਲ ਢਕੇ ਹੋਏ ਰਸਤੇ ਵਿੱਚੋਂ ਲੰਘਦਿਆਂ ਦੇਖਿਆ ਜਾ ਸਕਦਾ ਹੈ । ਰਿਪੋਰਟਾਂ ਅਨੁਸਾਰ 18 ਦਸੰਬਰ ਨੂੰ ਸਾਊਦੀ ਅਰਬ ਅਤੇ ਕਤਰ ਦੇ ਕਈ ਹਿੱਸਿਆਂ ਵਿੱਚ ਬਰਫਬਾਰੀ ਹੋਈ । ਖਾੜੀ ਖੇਤਰ ਵਿੱਚ ਪਿਛਲੇ ਇੱਕ ਹਫਤੇ ਤੋਂ ਘੱਟ ਦਬਾਅ ਵਾਲੀ ਪ੍ਰਣਾਲੀ ਕਾਰਨ ਭਾਰੀ ਮੀਂਹ ਪੈ ਰਿਹਾ ਸੀ, ਜਿਸ ਤੋਂ ਬਾਅਦ ਇਹ ਮੌਸਮ ਬਦਲਿਆ ।

ਖੇਤੀ ਦੁਨੀਆਂ

ਵਟਸਐਪ ਰਾਹੀਂ
ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/- ਰੁਪਏ

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com